MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 10 ISSUE: 09 SATURDAY, 26 FEBRUARY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਫਰੀਡਮ ਕਾਫਲੇ ਦੇ ਪ੍ਰਬੰਧਕ ਤਮਾਰਾ ਲਿਚ ਨੂੰ ਜ਼ਮਾਨਤ ਦੇਣ ਤੋਂ ਇਨਕਾਰ



ਓਟਵਾ-ਪਾਰਲੀਮੈਂਟ ਹਿਲ ਨੇੜੇ ਕੋਵਿਡ-19 ਪਾਬੰਦੀਆਂ ਤੇ ਲਿਬਰਲ ਸਰਕਾਰ ਖਿਲਾਫ ਚਲ ਰਹੇ ਪ੍ਰਦਰਸ਼ਨਾਂ ਪਿੱਛੇ ਸਭ ਤੋਂ ਅੱਗੇ ਹੋ ਕੇ ਪ੍ਰਬੰਧ ਕਰਨ ਵਾਲੇ ਪ੍ਰਬੰਧਕਾਂ ਵਿਚੋਂ ਇਕ ਤਮਾਰਾ ਲਿਚ ਨੂੰ ਅਦਾਲਤ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਓਨਟਰਾਈਓ ਅਦਾਲਤ ਦੀ ਜੱਜ ਨੇ ਕਿਹਾ ਕਿ ਉਸ ਨੂੰ ਵਿਸ਼ਵਾਸ਼ ਹੈ ਕਿ ਜੇਕਰ ਤਮਾਰਾ ਲਿਚ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਤਾਂ ਉਸ ਦੇ ਮੁੜ ਤੋਂ ਅਪਰਾਧ ਕਰਨ ਦੀਆਂ ਕਾਫੀ ਸੰਭਾਵਨਾਵਾਂ ਹਨ। ਇਕ ਹੋਰ ਪ੍ਰਬੰਧਕ ਪੈਟਰਿਕ ਕਿੰਗ ਜ਼ਮਾਨਤ 'ਤੇ ਸੁਣਵਾਈ ਲਈ ਅਦਾਲਤ ਵਿਚ ਪੇਸ਼ ਹੋਇਆ ਜਿਥੇ ਇਕ ਔਰਤ ਜਿਸ ਨੇ ਸਵੀਕਾਰ ਕੀਤਾ ਕਿ ਉਸ ਨੂੰ ਚਾਰ ਹਫਤੇ ਪਹਿਲਾਂ ਮਿਲੀ ਸੀ ਨੇ ਜ਼ਾਮਨ ਬਣਨ ਦੀ ਪੇਸ਼ਕਸ਼ ਕੀਤੀ ਅਤੇ ਉਸ ਦੀ ਜ਼ਮਾਨਤ ਲਈ ਉਸ ਨੇ ਆਪਣੇ ਅਲਬਰਟਾ ਘਰ ਦੀ ਅੱਧੀ ਕੀਮਤ ਦੀ ਗਰੰਟੀ ਦੇਣ ਦਾ ਵਾਅਦਾ ਕੀਤਾ। ਕਰਾਊਨ ਨੇ ਕਿੰਗ ਨੂੰ ਲਗਾਤਾਰ ਨਜ਼ਰਬੰਦ ਰੱਖਣ 'ਤੇ ਜ਼ੋਰ ਦਿੱਤਾ ਅਤੇ ਅਦਾਲਤ ਸ਼ੁੱਕਰਵਾਰ ਮਾਮਲੇ 'ਤੇ ਫ਼ੈਸਲਾ ਦੇਵੇਗੀ।

# ਟਰੂਡੋ ਵਲੋਂ ਰੂਸ ਖ਼ਿਲਾਫ਼ ਪਹਿਲੇ ਗੇੜ ਦੀਆਂ ਪਾਬੰਦੀਆਂ ਦਾ ਐਲਾਨ

## ਲਾਤਵੀਆ ਵਿਚ ਸੈਨਿਕਾਂ ਦੀ ਤਾਇਨਾਤੀ ਨੂੰ ਪ੍ਰਵਾਨਗੀ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵਲੋਂ ਸਰਕਾਰ ਦੇ ਕੰਟਰੋਲ ਤੋਂ ਬਾਹਰ ਵਾਲੇ ਪੂਰਬੀ ਯੂਕਰੇਨ ਦੇ ਦੋ ਖੇਤਰਾਂ ਦੀ ਸੁਤੰਤਰਤਾ ਨੂੰ ਮਾਨਤਾ ਦੇਣ ਅਤੇ ਉਥੇ ਸੈਨਿਕਾਂ ਨੂੰ ਜਾਣ ਦਾ ਹੁਕਮ



ਦੇਣ ਬਦਲੇ ਉਸ ਦੇ ਖਿਲਾਫ ਪਹਿਲੇ ਗੇੜ ਦੀਆਂ ਆਰਥਿਕ ਪਾਬੰਦੀਆਂ ਦਾ ਖੁਲਾਸਾ ਕੀਤਾ ਹੈ। ਟਰੂਡੋ ਨੇ ਕਿਹਾ ਕਿ ਸਰਕਾਰ ਕੈਨੇਡੀਅਨਾਂ 'ਤੇ ਦੋ ਅਖੌਤੀ ਸੁਤੰਤਰ ਰਾਜਾਂ ਡੋਨੇਟਸਕ ਅਤੇ ਲੁਹਾਨਸਕ ਨਾਲ ਸਾਰੇ ਤਰ੍ਹਾਂ ਦੇ ਵਿੱਤੀ ਲੈਣ ਦੇਣ 'ਤੇ ਪਾਬੰਦੀ ਲਗਾ ਰਹੀ ਹੈ ਅਤੇ ਰੂਸੀ ਪਾਰਲੀਮੈਂਟ ਦੇ ਉਨ੍ਹਾਂ ਮੈਂਬਰਾਂ ਖਿਲਾਫ ਪਾਬੰਦੀ ਲਗਾਵੇਗੀ ਜਿਨ੍ਹਾਂ ਨੇ ਖੇਤਰਾਂ ਨੂੰ ਸੁਤੰਤਰ ਵਜੋਂ ਐਲਾਨ ਕਰਨ ਦੇ ਪੱਖ ਵਿਚ ਵੋਟ ਪਾਈ ਹੈ। ਸਰਕਾਰ ਨੇ ਨਾਟੋ ਪ੍ਰਤੀ ਕੈਨੇਡਾ ਦੀ ਪ੍ਰਤੀਬੱਧਤਾ ਨੂੰ ਮਜ਼ਬੂਤ ਕਰਨ ਲਈ ਆਪਰੇਸ਼ਨ ਰੀਅਸ਼ੋਰੈਂਸ ਦੇ ਹਿੱਸੇ ਵਜੋਂ ਲਾਤਵੀਆ ਵਿਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ 460 ਸੈਨਿਕਾਂ ਨੂੰ ਤਾਇਨਾਤ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਹੈ। ਟਰੂਡੋ ਦਾ ਕਹਿਣਾ ਕਿ ਇਹ ਮਾਨਤਾ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਤਹਿਤ ਰੂਸੀ ਵਚਨਬੱਧਤਾ ਦੀ ਉਲੰਘਣਾ ਹੈ। ਕੈਨੇਡਾ ਯੂਕਰੇਨ ਵਿਚ ਸੈਨਿਕਾਂ ਦੇ ਦਾਖਲ ਹੋਣ ਦੇ ਹੁਕਮ ਸਮੇਤ ਰੂਸੀ ਸੈਨਿਕ ਕਾਰਵਾਈਆਂ ਦੀ ਵੀ ਨਿਖੇਧੀ ਕਰਦਾ ਹੈ। ਯੂਕਰੇਨ ਵਿਚ ਦਾਖਲ ਹੋਣਾ ਯੂਕਰੇਨ ਦੀ ਪ੍ਰਭੂਸਤਾ ਤੇ ਇਲਾਕਾਈ ਅਖੰਡਤਾ 'ਤੇ ਹਮਲਾ ਹੈ। ਇਹ ਪ੍ਰਭੂਸਤਾ ਸੰਪਨ ਰਾਸ਼ਟਰ 'ਤੇ ਹਮਲਾ ਹੈ ਅਤੇ ਇਹ ਕਤਈ ਸਵੀਕਾਰਯੋਗ ਨਹੀਂ।

*(ਬਾਕੀ ਸਫ਼ਾ 10 'ਤੇ)*

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡਿਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

Call Simpson, Thomas & Associates at 604-229-6448 to request a free initial legal consultation or fill out our online form on simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 09 SATURDAY, 26 FEBRUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਬਿਕਰਮ ਸਿੰਘ ਮਜੀਠੀਆ ਨੂੰ 8 ਮਾਰਚ ਤੱਕ ਨਿਆਂਇਕ ਹਿਰਾਸਤ ਵਿਚ ਜੇਲ ਭੇਜਿਆ



ਮੁਹਾਲੀ-ਪੰਜਾਬ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁਹਾਲੀ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ। ਇਸ ਦੌਰਾਨ ਅਦਾਲਤ ਨੇ ਉਨ੍ਹਾਂ ਦਾ 8 ਮਾਰਚ ਤੱਕ ਜੁਡੀਸ਼ਲ ਰਿਮਾਂਡ ਦੇ ਦਿੱਤਾ। 25 ਫਰਵਰੀ ਨੂੰ ਸਵੇਰੇ 11:30 ਵਜੇ ਮਜੀਠੀਆ ਦੀ ਜ਼ਮਾਨਤ ਅਰਜ਼ੀ ਤੇ ਸੁਣਵਾਈ ਮੁੜ ਕੀਤੀ ਜਾਵੇਗੀ। 31 ਜਨਵਰੀ ਨੂੰ ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਵੱਡੀ ਰਾਹਤ ਦਿੰਦਿਆਂ 23 ਫਰਵਰੀ ਤੱਕ ਉਸ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾਈ ਗਈ ਸੀ। ਦੇਸ਼ ਦੀ ਸਿਖਰਲੀ ਅਦਾਲਤ ਦੇ ਇਸ ਫੈਸਲੇ ਕਾਰਨ ਮਜੀਠੀਆ ਬੇਖੌਫ਼ ਹੋ ਕੇ ਅੰਮ੍ਰਿਤਸਰ ਤੋਂ ਵਿਧਾਨ ਸਭਾ ਦੀ ਚੋਣ ਲੜ ਸਕੇ ਹਨ। ਸਿਖਰਲੀ ਅਦਾਲਤ ਨੇ ਮਜੀਠੀਆ ਨੂੰ ਇਹ ਨਿਰਦੇਸ਼ ਵੀ ਦਿੱਤੇ ਸਨ ਕਿ ਉਹ ਹੇਠਲੀ ਅਦਾਲਤ ਵਿੱਚ ਜੱਜ ਦੇ ਸਾਹਮਣੇ ਪੇਸ਼ ਹੋ ਕੇ ਪੱਕੀ ਜ਼ਮਾਨਤ ਲਈ ਅਰਜ਼ੀ ਦਾਇਰ ਕਰਨ। ਇਸ ਤਰ੍ਹਾਂ ਅਕਾਲੀ ਆਗੂ ਮਜੀਠੀਆ ਅੱਜ ਮੁਹਾਲੀ ਅਦਾਲਤ ਵਿੱਚ ਪੇਸ਼ ਹੋਏ। ਆਪਣੀ ਪੱਕੀ ਜ਼ਮਾਨਤ (ਬਾਕੀ ਸਫ਼ਾ 9 'ਤੇ)

# ਪੰਜਾਬ 'ਚ ਘੱਟ ਚੋਣ ਮਤਦਾਨ ਕਾਰਣ ਚੋਣ ਨਤੀਜਿਆਂ ਬਾਰੇ ਭੰਬਲਭੂਸਾ ਬਣਿਆ

## ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਸਰਕਾਰ ਬਣਾਉਣ ਦੇ ਦਾਅਵੇ ਪਰ ਜੋੜ ਤੋੜ ਦੀਆਂ ਵਿਉਂਤਬੰਦੀਆਂ ਤੇ ਵਿਚਾਰਾਂ



ਚੰਡੀਗੜ੍ਹ (ਦਵਿੰਦਰ ਪਾਲ)-ਪੰਜਾਬ ਦੀ 16ਵੀਂ ਵਿਧਾਨ ਸਭਾ ਲਈ ਸੂਬੇ ਦੇ ਲੋਕਾਂ ਵੱਲੋਂ ਲੰਘੀਆਂ ਤਿੰਨ ਵਿਧਾਨ ਸਭਾ ਚੋਣਾਂ ਨਾਲੋਂ ਘੱਟ ਮਤਦਾਨ ਕਰਨ ਨੇ ਸਿਆਸੀ ਧਿਰਾਂ ਨੂੰ ਵਿਕਰਾਂ 'ਚ ਪਾ ਦਿੱਤਾ ਹੈ। ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਸੂਬੇ ਵਿੱਚ 72 ਫੀਸਦੀ ਲੋਕਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ ਹੈ। ਵੋਟਾਂ ਦਾ ਅਮਲ ਮੁਕੰਮਲ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਅਤੇ ਚੋਣ ਵਿਸ਼ਲੇਸ਼ਕਾਂ ਨੂੰ ਵੀ ਜਿੱਤ-ਹਾਰ ਦਾ ਅੰਦਾਜ਼ਾ ਲਾਉਣਾ ਔਖਾ ਹੋ ਗਿਆ ਹੈ। ਉਂਜ ਸਾਰੀਆਂ ਹੀ ਪ੍ਰਮੁੱਖ ਧਿਰਾਂ ਸੂਬੇ ਦੀ ਸੱਤਾ 'ਤੇ ਕਾਬਜ਼ ਹੋਣ ਲਈ ਆਸਵੰਦ ਹਨ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲਾ ਗੱਠਜੋੜ ਸਰਕਾਰ ਦੇ ਗਠਨ ਲਈ ਜੋੜ-ਤੋੜ ਬਾਰੇ ਸੋਚਣ ਲੱਗ ਪਏ ਹਨ। ਉਧਰ ਸੰਯੁਕਤ ਸਮਾਜ ਮੋਰਚਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਲੋਕ ਇਨਸਾਫ਼ ਪਾਰਟੀ ਸਮੇਤ ਆਜ਼ਾਦ ਉਮੀਦਵਾਰਾਂ ਵੱਲੋਂ ਵੀ ਇਨ੍ਹਾਂ ਚੋਣਾਂ ਦੌਰਾਨ ਨਿਭਾਈ ਗਈ ਭੂਮਿਕਾ 'ਤੇ ਤਸੱਲੀ ਪ੍ਰਗਟਾਈ ਜਾ ਰਹੀ ਹੈ। 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਤਾਂ ਸੇਵਾਮੁਕਤ ਅਤੇ ਮੌਜੂਦਾ ਅਧਿਕਾਰੀਆਂ ਨਾਲ ਮੀਟਿੰਗਾਂ ਵੀ ਆਰੰਭ ਦਿੱਤੀਆਂ ਹਨ ਜਦੋਂ ਕਿ ਕਾਂਗਰਸ ਵੀ ਸੱਤਾ 'ਤੇ ਕਾਬਜ਼ ਰਹਿਣ ਦੇ ਸੁਪਨੇ ਦੇਖ ਰਹੀ ਹੈ। ਸੂਬੇ 'ਚ ਵੋਟ ਪ੍ਰਕਿਰਿਆ ਖਤਮ ਹੋਣ ਮਗਰੋਂ ਰਿਟਰਨਿੰਗ ਅਫ਼ਸਰਾਂ ਵੱਲੋਂ ਵੋਟਾਂ ਦੇ ਭੁਗਤਾਨ ਸਬੰਧੀ ਜੋ ਅੰਕੜੇ ਭੇਜੇ ਗਏ ਹਨ, ਉਨ੍ਹਾਂ ਮੁਤਾਬਕ ਦਿਹਾਤੀ ਖੇਤਰ ਨਾਲ ਸਬੰਧਤ ਵਿਧਾਨ ਸਭਾ ਹਲਕਿਆਂ ਵਿੱਚ ਸ਼ਹਿਰੀ ਖੇਤਰ ਦੀਆਂ ਵੋਟਾਂ ਨਾਲੋਂ ਜ਼ਿਆਦਾ ਭੁਗਤਾਨ ਹੋਇਆ ਹੈ। ਇਹ ਤੱਥ ਵੀ ਦੇਖਣ ਨੂੰ ਮਿਲੇ ਹਨ ਕਿ ਜਿੱਥੇ ਉਮੀਦਵਾਰਾਂ ਦੇ ਬਹੁਕੋਣੇ ਮੁਕਾਬਲੇ ਸਨ ਜਾਂ ਬਰਾਬਰ ਦੇ ਉਮੀਦਵਾਰਾਂ ਦੇ ਸਿੰਗ (ਬਾਕੀ ਸਫ਼ਾ 9 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਫਰੀਡਮ ਕਾਫਲੇ ਨੂੰ ਦਾਨ ਕਰਨ 'ਤੇ ਔਰਤ ਦਾ ਬੈਂਕ ਖਾਤਾ ਫ੍ਰੀਜ਼

ਵਿਕਟੋਰੀਆ-ਬੀਸੀ ਦੇ ਸਿਆਸਤਦਾਨ ਨੇ ਚਿਲੀਵੈਕ ਦੀ ਇਕ ਔਰਤ ਲਈ ਲੜਾਈ ਕਰਨ ਦਾ ਪ੍ਰਣ ਕੀਤਾ ਹੈ ਜਿਸ ਦਾ ਟਰੱਕ ਕਾਫਲੇ ਨੂੰ ਸਿਰਫ 50 ਡਾਲਰ ਦਾਨ ਕਰਨ ਬਦਲੇ ਉਸ ਦਾ ਬੈਂਕ ਖਾਤਾ ਫ੍ਰੀਜ਼ ਕਰ ਦਿੱਤਾ ਗਿਆ ਸੀ। ਚਿਲੀਵੈਕ-ਹੋਮ ਐਮਪੀ ਮਾਰਕ ਸਟ੍ਰੈਹਲ ਨੇ ਇਸ ਔਰਤ ਜਿਹੜੀ ਸਿੰਗਲ ਮਾਂ ਹੈ ਬਾਰੇ ਟਵਿੱਟਰ 'ਤੇ ਆਪਣਾ ਸੁਨੇਹਾ ਪਾਇਆ ਹੈ ਅਤੇ ਉਸ ਦੀ ਪੋਸਟ ਲੋਕਾਂ ਨੇ ਹਜ਼ਾਰਾਂ ਵਾਰ ਸ਼ੇਅਰ ਕੀਤੀ ਹੈ ਜਿਹੜੇ ਹੈਰਾਨ ਹਨ ਅਤੇ ਕੁਝ ਇਸ ਦੇ ਵੇਰਵਿਆਂ ਬਾਰੇ ਸ਼ੱਕੀ ਹੈ। ਚਿਲੀਵੈਕ ਦੀ ਸਿੰਗਲ ਮਾਂ ਬਰਾਇਨੇ ਘੱਟੋ ਘੱਟ ਤਨਖਾਹ ਵਾਲਾ ਕੰਮ ਕਰ ਰਹੀ ਹੈ। ਉਸ ਨੇ ਕਾਫਲੇ ਨੂੰ 50 ਡਾਲਰ ਦਾ ਦਾਨ ਕੀਤਾ ਸੀ ਜਦੋਂ ਕਾਫਲਾ ਕਾਨੂੰਨੀ ਤੌਰ 'ਤੇ ਸਹੀ ਸੀ। ਉਸ ਦਾ ਬੈਂਕ ਖਾਤਾ ਹੁਣ ਫ੍ਰੀਜ਼ ਕੀਤਾ ਹੋਇਆ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਜਸਟਿਨ ਟਰੂਡੋ ਦੇ ਐਮਰਜੈਂਸੀ ਐਕਟ ਦੇ ਹੁਕਮਾਂ ਨਾਲ ਅਸਲ ਵਿਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਦੋਂ ਦੂਸਰੇ ਟਵਿੱਟਰ ਯੂਜ਼ਰਾਂ ਨੇ ਹੋਰ ਵੇਰਵੇ ਦੇਣ ਅਤੇ ਤੱਥਾਂ ਦੀ ਤਸਦੀਕ ਕਰਨ ਬਾਰੇ ਜ਼ੋਰ ਦਿੱਤਾ ਤਾਂ ਸਟ੍ਰੈਹਲ ਨੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਉਧਰ ਆਰਸੀਐਮਪੀ ਨੇ ਕਿਹਾ ਕਿ ਐਮਰਜੈਂਸੀ ਐਕਟ ਤਹਿਤ ਖਾਤਾ ਜਾਮ ਕਰਨ ਦੀਆਂ ਤਾਕਤਾਂ ਵਿਅਕਤੀਗਤ ਦਾਨੀਆਂ ਨੂੰ ਪ੍ਰਭਾਵਤ ਨਹੀਂ ਕਰਦੀਆਂ। ਪੁਲਿਸ ਨੇ ਬਿਆਨ ਵਿਚ ਦੱਸਿਆ ਕਿ ਅਸੀਂ ਕਦੇ ਵੀ ਵਿੱਤੀ ਸੰਸਥਾਵਾਂ ਨੂੰ ਦਾਨੀਆਂ ਦੀ ਸੂਚੀ ਮੁਹੱਈਆ ਨਹੀਂ ਕੀਤੀ। ਫੈਡਰਲ ਵਿੱਤ ਮੰਤਰੀ ਵੀ ਸਟ੍ਰੈਹਲ ਦੇ ਦਾਅਵੇ ਬਾਰੇ ਸ਼ੱਕੀ ਦਿਖਾਈ ਦਿੱਤੇ।




## ਅੰਮ੍ਰਿਤਧਾਰੀ ਸਿੱਖ ਲੜਕੀ ਨੂੰ ਕਾਲਜ ਦਾਖਲੇ ਲਈ ਦਸਤਾਰ ਉਤਾਰਨ ਲਈ ਕਿਹਾ

ਬੰਗਲੌਰ-ਹਿਜਾਬ ਵਿਵਾਦ ਬਾਰੇ ਕਰਨਾਟਕ ਹਾਈ ਕੋਰਟ ਦੇ ਅੰਤ੍ਰਿਮ ਹੁਕਮਾਂ ਤੋਂ ਬਾਅਦ ਇੱਥੇ ਅੰਮ੍ਰਿਤਧਾਰੀ ਸਿੱਖ ਲੜਕੀ ਨੂੰ ਕਾਲਜ ਨੇ ਆਪਣੀ ਦਸਤਾਰ ਉਤਾਰਨ ਲਈ ਕਿਹਾ ਹੈ। ਕਰਨਾਟਕ ਹਾਈ ਕੋਰਟ ਨੇ ਹਿਜਾਬ ਨਾਲ ਸਬੰਧਤ ਸਾਰੀਆਂ ਪਟੀਸ਼ਨਾਂ ਤੇ ਅੰਤ੍ਰਿਮ ਆਦੇਸ਼ ਵਿੱਚ ਰਾਜ ਦੇ ਸਾਰੇ ਵਿਦਿਆਰਥੀਆਂ ਨੂੰ ਕਲਾਸਰੂਮ ਦੇ ਅੰਦਰ ਭਗਵੇਂ ਸ਼ਾਲ, ਸਕਾਰਫ, ਹਿਜਾਬ ਅਤੇ ਕਿਸੇ ਵੀ ਧਾਰਮਿਕ ਝੰਡੇ ਨੂੰ ਪਹਿਨਣ ਤੋਂ ਰੋਕ ਦਿੱਤਾ। ਕਾਲਜ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ 16 ਫਰਵਰੀ ਨੂੰ ਵਿੱਦਿਅਕ ਸੰਸਥਾ ਦੇ ਮੁੜ ਖੁੱਲ੍ਹਣ ਤੇ ਵਿਦਿਆਰਥੀਆਂ ਨੂੰ ਅਦਾਲਤ ਦੇ ਹੁਕਮਾਂ ਬਾਰੇ ਸੂਚਿਤ ਕੀਤਾ ਸੀ। ਹਾਲਾਂਕਿ ਪ੍ਰੀ-ਯੂਨੀਵਰਸਿਟੀ ਸਿੱਖਿਆ ਦੇ ਡਿਪਟੀ ਡਾਇਰੈਕਟਰ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਕਾਲਜ ਦੇ ਦੌਰੇ ਦੌਰਾਨ ਹਿਜਾਬ ਵਿੱਚ ਕੁੜੀਆਂ ਦੇ ਸਮੂਹ ਨੂੰ ਦੇਖ ਕੇ ਉਨ੍ਹਾਂ ਨੂੰ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਕਿਹਾ। ਕਾਲਜ ਨੇ ਫਿਰ ਸਿੱਖ ਲੜਕੀ ਦੇ ਪਿਤਾ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਅਦਾਲਤ ਦੇ ਆਦੇਸ਼ ਅਤੇ ਇਸ ਦੀ ਪਾਲਣਾ ਕਰਨ ਬਾਰੇ ਦੱਸਿਆ।

## ਓਟਵਾ ਦੇ ਆਲੇ ਦੁਆਲੇ ਮੁੜ ਇਕੱਤਰ ਹੋਏ ਫਰੀਡਮ ਕਾਫਲੇ

ਓਟਵਾ-ਇਕ ਵੱਡੀ ਪੁਲਿਸ ਕਾਰਵਾਈ ਵਿਚ ਡਾਊਨਟਾਊਨ ਓਟਵਾ ਤੋਂ ਮੁਜ਼ਾਹਰਾਕਾਰੀਆਂ ਦੇ ਆਜ਼ਾਦੀ ਕਾਫਲੇ ਨੂੰ ਹਟਾਉਣ ਪਿੱਛੋਂ ਸ਼ਹਿਰ ਦੇ ਬਾਹਰਵਾਰ ਪੇਂਡੂ ਕਮਿਊਨਿਟੀਸ ਵਿਚ ਨਿੱਜੀ ਪ੍ਰਾਪਰਟੀਜ਼ 'ਤੇ ਬਹੁਤ ਸਾਰੀਆਂ ਮੋਟਰ ਗੱਡੀਆਂ ਮੁੜ ਇਕੱਠੀਆਂ ਹੋ ਰਹੀਆਂ ਹਨ। ਓਨਟਾਰੀਓ ਵਿਚ ਅਰਨਪ੍ਰਿਅਰ ਤੋਂ ਪੰਜ ਮਿੰਟ ਦੀ ਦੂਰੀ 'ਤੇ ਵਾਈਟ ਲੇਕ ਰੋਡ 'ਤੇ ਸ਼ੁੱਕਰਵਾਰ ਤੋਂ ਇਕ ਖੇਤ ਵਿਚ ਕਈ ਮੋਟਰ ਗੱਡੀਆਂ ਖੜੀਆਂ ਹਨ। ਵੀਕਐਂਡ ਪੁਲਿਸ ਕਾਰਵਾਈ ਤੋਂ ਪਹਿਲਾਂ ਮੁਜ਼ਾਹਰੇ ਦੇ ਪ੍ਰਬੰਧਕ ਪੈਟ ਕਿੰਗ ਨੂੰ ਮੁਜ਼ਾਹਰਾਕਾਰੀਆਂ ਨੂੰ ਕਿਹਾ ਸੀ ਕਿ ਉਹ ਅਰਨਪ੍ਰਿਅਰ ਵਿਚ ਐਂਟ੍ਰਿਮ ਟਰੱਕ ਸਟਾਪ ਵਿਖੇ ਮੁੜ ਇਕੱਠੇ ਹੋਣ। ਐਂਟ੍ਰਿਮ ਮਾਲਕ ਟੌਮ ਓਰ ਜਿਸ ਦੀ ਆਪਣੇ ਸਟਾਪ 'ਤੇ ਟਰੱਕਾਂ ਲਈ 10 ਏਕੜ ਦੀ ਪਾਰਕਿੰਗ ਹੈ ਨੇ ਸੀਟੀਵੀ ਨਿਊਜ਼ ਨੂੰ ਦੱਸਿਆ ਕਿ ਉਸ ਨੂੰ ਕਾਫਲੇ ਨਾਲ ਜੁੜੇ ਲਗਪਗ 150 ਲੋਕਾਂ ਨੂੰ ਆਪਣੀ ਪ੍ਰਾਪਰਟੀ ਤੋਂ ਕੱਢਣਾ ਪਿਆ ਹੈ ਜਿਨ੍ਹਾਂ ਨੇ ਉਸ ਦੇ ਕਾਰੋਬਾਰ ਦੇ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਸੀ। ਉਸ ਨੇ ਹੋਰ ਮੁਜ਼ਾਹਰਾਕਾਰੀਆਂ ਨੂੰ ਆਪਣੇ ਸਟਾਪ ਤੋਂ ਸੜਕ 'ਤੇ ਧੱਕ ਦਿੱਤਾ ਹੈ। ਇਕੱਠ ਵਿਖੇ 30 ਤੋਂ 35 ਮੋਟਰ ਗੱਡੀਆਂ ਦੇਖੀਆਂ ਜਾ ਸਕਦੀਆਂ ਹਨ। ਉਨ੍ਹਾਂ ਨੇ ਲਗਪਗ ਇਕ ਦਰਜਨ ਪੋਰਟਏਬਲ ਵਾਸ਼ਰੂਮ ਰੱਖੇ ਹੋਏ ਹਨ ਅਤੇ ਖਾਣੇ ਲਈ ਵੱਡੇ ਤੰਬੂ ਲਗਾਏ ਹੋਏ ਹਨ।

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
rcic · cric
TEJINDER GREWAL: 604-837-3101
License No. 562

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has "NO STRESS MORTGAGE"
RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਮੁੱਖ ਮੰਤਰੀ ਚੰਨੀ ਵਲੋਂ ਵੋਟਾਂ ਪਿਛੋਂ ਕੈਬਨਿਟ ਮੰਤਰੀਆਂ ਨਾਲ ਸਲਾਹ ਮਸ਼ਵਰਾ-ਮੁੜ ਸਰਕਾਰ ਬਣਾਉਣ ਦਾ ਦਾਅਵਾ

## ਕਿਹਾ, ਦੀਪ ਸਿੱਧੂ ਦੀ ਹਮਦਰਦੀ ਲਹਿਰ ਦਾ ਹੋਵੇਗਾ ਫਾਇਦਾ-ਸਿੱਧੂ ਮੀਟਿੰਗ 'ਚੋਂ ਗੈਰ ਹਾਜ਼ਰ ਰਹੇ

ਚੰਡੀਗੜ੍ਹ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਚੋਣਾਂ ਵਿੱਚ ਪਈਆਂ ਵੋਟਾਂ ਦੇ ਸਿਆਸੀ ਗਣਿਤ ਨੂੰ ਲੈ ਕੇ ਆਪਣੇ ਵਜ਼ੀਰਾਂ ਅਤੇ ਸੀਨੀਅਰ ਆਗੂਆਂ ਨਾਲ ਗੈਰਰਸਮੀ ਸਲਾਹ ਮਸ਼ਵਰਾ ਕੀਤਾ ਹੈ। ਨਵੀਂ ਸਰਕਾਰ ਦੇ ਗਠਨ ਨੂੰ ਲੈ ਕੇ ਗਿਣਤੀ-ਮਿਣਤੀ ਕੀਤੀ ਗਈ ਅਤੇ ਵੱਖੋ-ਵੱਖ ਹਲਕਿਆਂ ਵਿਚ ਪਈਆਂ ਵੋਟਾਂ ਦੀ ਦਰ ਨੂੰ ਲੈ ਕੇ ਵੱਖਰੇ ਨਜ਼ਰੀਏ ਤੋਂ ਕਾਂਗਰਸ ਦੀ ਸਥਿਤੀ ਨੂੰ ਵਾਚਿਆ ਗਿਆ। ਇਸੇ ਦੌਰਾਨ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਟਵੀਟ ਕਰਕੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਈਆਂ ਵੋਟਾਂ ਨੂੰ ਲੈ ਕੇ ਸਲਾਹ ਮਸ਼ਵਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ 10 ਮਾਰਚ ਨੂੰ ਚਰਨਜੀਤ ਚੰਨੀ ਦੀ ਅਗਵਾਈ ਵਿਚ ਸਰਕਾਰ ਬਣਾਏਗੀ। ਮੀਟਿੰਗ ਵਿਚ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਕੈਬਨਿਟ ਮੰਤਰੀ ਪਰਗਟ ਸਿੰਘ ਤੇ ਸੁਖਬਿੰਦਰ ਸਿੰਘ ਸਰਕਾਰੀਆ ਤੋਂ ਇਲਾਵਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੀ ਸ਼ਾਮਲ ਸਨ। ਇਸੇ ਦੌਰਾਨ ਕਾਂਗਰਸ ਹੁਣ ਅਦਾਕਾਰ ਦੀਪ ਸਿੱਧੂ ਦੀ ਮੌਤ ਮਗਰੋਂ ਬਣੀ ਹਮਦਰਦੀ ਲਹਿਰ ਨੂੰ ਕਾਂਗਰਸ ਦੇ ਪੱਖ ਵਿਚ ਦੱਸ ਰਹੀ ਹੈ। ਪਾਰਟੀ ਆਗੂ ਆਖਦੇ ਹਨ ਕਿ ਇਸ ਹਮਦਰਦੀ ਲਹਿਰ ਨੇ 'ਆਪ' ਦੇ ਵੋਟ ਬੈਂਕ ਨੂੰ ਖੋਰਾ ਲਾਇਆ ਹੈ। ਇਸ ਦੌਰਾਨ ਕਾਂਗਰਸ ਪਾਰਟੀ ਦੀ ਅੰਦਰੂਨੀ ਫੁੱਟ ਮੁੜ ਉੱਭਰਨ ਦੇ ਆਸਾਰ ਬਣ ਗਏ ਹਨ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਡੀਜੀਪੀ ਨੂੰ ਨਸ਼ਿਆਂ ਦੇ ਮੁੱਦੇ 'ਤੇ ਚਿੱਠੀ ਲਿਖ ਕੇ ਅੰਮ੍ਰਿਤਸਰ ਵਿਚ ਨਸ਼ਿਆਂ ਦੇ ਪਸਾਰੇ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਗਰ ਇਹ ਨਾ ਰੁਕੇ ਤਾਂ ਉਹ ਧਰਨਾ ਦੇਣਗੇ। ਅਜੇ ਲੰਘੇ ਕੱਲ੍ਹ ਹੀ ਔਜਲਾ ਨੇ ਨਵਜੋਤ ਸਿੱਧੂ ਨੂੰ ਨਿਸ਼ਾਨੇ 'ਤੇ ਲੈਂਦਿਆਂ ਉਨ੍ਹਾਂ ਦੀ ਬੋਲਬਾਣੀ 'ਤੇ ਸਵਾਲ ਉਠਾਏ ਸਨ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਦਾ ਭਰਾ ਪਹਿਲਾਂ ਹੀ ਚੋਣਾਂ ਮੌਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕਾ ਹੈ ਅਤੇ ਹੁਣ ਚੋਣ ਨਤੀਜਿਆਂ ਮਗਰੋਂ ਡਿੰਪਾ ਵੀ ਨਵਾਂ ਸਿਆਸੀ ਰੰਗ ਦਿਖਾ ਸਕਦੇ ਹਨ। ਇਸ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਸਲਾਹਕਾਰ ਸੁਰਿੰਦਰ ਡੱਲਾ ਨੇ ਵੀ ਕਿਹਾ ਕਿ ਰਾਜ ਦੇ ਮੰਤਰੀ ਤੇ ਸੰਸਦ ਮੈਂਬਰ ਨਵਜੋਤ ਸਿੱਧੂ ਨੂੰ ਹਰਾਉਣ ਵਿਚ ਲੱਗੇ ਹੋਏ ਸਨ। ਉਨ੍ਹਾਂ ਕਾਂਗਰਸ ਪਾਰਟੀ ਵਿਚ ਵਧ ਰਹੀ ਅਨੁਸ਼ਾਸਨਹੀਣਤਾ 'ਤੇ ਵੀ ਸੁਆਲ ਚੁੱਕੇ ਹਨ।



## ਭਾਰਤ ਵੱਲੋਂ ਸਿੱਖਸ ਫਾਰ ਜਸਟਿਸ ਦੇ ਸੋਸ਼ਲ ਮੀਡੀਆ ਖਾਤੇ ਬੈਨ

ਨਵੀਂ ਦਿੱਲੀ (ਦਿਓਲ)-ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਵਿਦੇਸ਼ ਤੋਂ ਚਲਾਏ ਜਾ ਰਹੇ 'ਪੰਜਾਬ ਪੌਲੀਟਿਕਸ ਟੀਵੀ' ਦੀਆਂ ਐਪਲੀਕੇਸ਼ਨਾਂ, ਵੈੱਬਸਾਈਟਾਂ ਤੇ ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬੰਦ ਕਰ ਦਿੱਤਾ ਹੈ। ਇਹ ਪਾਬੰਦੀ ਅਧੀਨ ਜਥੇਬੰਦੀ 'ਸਿੱਖਸ ਫਾਰ ਜਸਟਿਸ' (ਐੱਸਐੱਫਜੇ) ਨਾਲ ਜੁੜਿਆ ਹੋਇਆ ਹੈ। ਮੰਤਰਾਲੇ ਮੁਤਾਬਕ ਇਸ ਆਨਲਾਈਨ ਪਲੈਟਫਾਰਮ ਦਾ ਇਸਤੇਮਾਲ ਵਿਧਾਨ ਸਭਾ ਚੋਣਾਂ ਦੌਰਾਨ ਕਥਿਤ ਤੌਰ 'ਤੇ ਜਨਤਕ ਵਿਵਸਥਾ ਨੂੰ ਭੰਗ ਕਰਨ ਲਈ ਕੀਤਾ ਜਾਣਾ ਸੀ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਪਹਿਲਾਂ ਹੀ ਯੂਏਪੀਏ ਕਾਨੂੰਨ ਤਹਿਤ ਐੱਸਐੱਫਜੇ ਉਤੇ ਪਾਬੰਦੀ ਲਾਈ ਹੋਈ ਹੈ। ਮੰਤਰਾਲੇ ਨੇ ਕਿਹਾ ਕਿ ਜਸਟਿਸ ਐੱਨ.ਵੀ.ਰਾਮੰਨਾ ਦੀ ਅਗਵਾਈ ਇਸ ਚੈਨਲ ਬਾਰੇ ਉਨ੍ਹਾਂ ਨੂੰ ਖੁਫੀਆ ਏਜੰਸੀਆਂ ਨੇ ਜਾਣਕਾਰੀ ਦਿੱਤੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਚੋਣਾਂ ਦੌਰਾਨ ਜਨਤਕ ਵਿਵਸਥਾ ਭੰਗ ਕਰਨ ਲਈ ਆਨਲਾਈਨ ਮੀਡੀਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਲਈ ਮੰਤਰਾਲੇ ਨੇ ਹੰਗਾਮੀ ਤਾਕਤਾਂ ਦੀ ਵਰਤੋਂ ਕਰਦਿਆਂ ਆਈਟੀ ਨਿਯਮਾਂ ਤਹਿਤ 18 ਫਰਵਰੀ ਨੂੰ 'ਪੰਜਾਬ ਪੌਲੀਟਿਕਸ ਟੀਵੀ' ਦੇ ਡਿਜੀਟਲ ਮੀਡੀਆ ਸਰੋਤਾਂ ਨੂੰ ਬੰਦ ਕਰ ਦਿੱਤਾ ਸੀ। ਮੰਤਰਾਲੇ ਨੇ ਕਿਹਾ ਕਿ ਬੰਦ ਕੀਤੀਆਂ ਐਪਸ, ਵੈੱਬਸਾਈਟਾਂ ਤੇ ਸੋਸ਼ਲ ਮੀਡੀਆ ਖਾਤੇ ਫ਼ਿਰਕੂ ਤਣਾਅ ਪੈਦਾ ਕਰਨ ਦੇ ਸਮਰੱਥ ਸਨ। ਇਹ ਵੱਖਵਾਦ ਨੂੰ ਹੁਲਾਰਾ ਦੇ ਰਹੇ ਸਨ ਤੇ ਭਾਰਤ ਦੀ ਸੁਰੱਖਿਆ, ਅਖੰਡਤਾ ਤੇ ਏਕੇ ਲਈ ਵੀ ਖ਼ਤਰਾ ਸਨ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਨਵੀਆਂ ਐਪਸ ਤੇ ਅਕਾਊਂਟ ਚੋਣਾਂ ਨੇੜੇ ਆਉਣ 'ਤੇ ਹੀ ਲਾਂਚ ਕੀਤੇ ਗਏ ਸਨ। ਮੰਤਰਾਲੇ ਨੇ ਕਿਹਾ ਕਿ ਭਾਰਤ ਸਰਕਾਰ ਦੇਸ਼ ਵਿਚ ਸੂਚਨਾ ਦੇ ਮਾਹੌਲ ਨੂੰ ਸੁਰੱਖਿਅਤ ਬਣਾਉਣ ਪ੍ਰਤੀ ਵਚਨਬੱਧ ਹੈ ਤੇ ਹਮੇਸ਼ਾ ਨਿਗਰਾਨੀ ਰੱਖਦੀ ਹੈ। ਪੰਜਾਬ ਵਿਚ 20 ਫਰਵਰੀ ਨੂੰ ਹੋਈਆਂ ਚੋਣਾਂ ਦੇ ਨਤੀਜੇ 10 ਮਾਰਚ ਨੂੰ ਆਉਣਗੇ।

## ਮੋਗਾ 'ਚ ਦਿਨ ਦਿਹਾੜੇ ਵਿਆਹੁਤਾ ਔਰਤ ਅਗਵਾ

ਮੋਗਾ-ਸੜਕ ਕਿਨਾਰੇ ਇੱਕ ਵਿਆਹੁਤਾ ਨੂੰ ਅਗਵਾ ਕਰਨ ਦੇ ਦੋਸ਼ ਹੇਠ ਪੁਲੀਸ ਨੇ ਚਾਰ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪ੍ਰਤੱਖਦਰਸ਼ੀਆਂ ਮੁਤਾਬਕ ਇੱਕ ਲੜਕੀ ਲਾਲ ਸਿੰਘ ਰੋਡ ਕਿਨਾਰੇ ਬੈਠੀ ਸੀ। ਇਸ ਦੌਰਾਨ ਹਰਿਆਣਾ ਰਾਜ ਦੀ ਰਜਿਸਟਰੇਸ਼ਨ ਨੰਬਰ ਵਾਲੀ ਅਲਟੋ ਕਾਰ 'ਤੇ ਆਏ ਨਕਾਬਪੋਸ਼ ਨੌਜਵਾਨ ਉਸ ਨੂੰ ਜਬਰੀ ਕਾਰ 'ਚ ਬਿਠਾ ਕੇ ਫਰਾਰ ਹੋ ਗਏ। ਕਾਰ ਵਿੱਚ ਤਿੰਨ ਨਕਾਬਪੋਸ਼ ਨੌਜਵਾਨ ਅਤੇ ਇੱਕ ਔਰਤ ਸਵਾਰ ਸਨ। ਥਾਣਾ ਸਿਟੀ ਦੱਖਣੀ ਦੇ ਮੁਖੀ ਇੰਸਪੈਕਟਰ ਲਛਮਣ ਸਿੰਘ ਢਿੱਲੋਂ ਨੇ ਦੱਸਿਆ ਕਿ ਲੜਕੀ ਆਪਣੇ ਭਰਾ ਨਾਲ ਫ਼ਿਰੋਜ਼ਪੁਰ ਤੋਂ ਮੋਗਾ ਆਈ ਸੀ। ਉਹ ਦੋ ਬੱਚਿਆਂ ਦੀ ਮਾਂ ਹੈ। ਪਹਿਲਾਂ ਉਸ ਦਾ ਵਿਆਹ ਲੁਧਿਆਣਾ ਵਾਸੀ ਨੌਜਵਾਨ ਨਾਲ ਹੋਇਆ ਸੀ। ਉਸ ਦੀ ਮੌਤ ਹੋਣ ਤੋਂ ਬਾਅਦ ਉਸ ਨੇ ਦੂਜਾ ਵਿਆਹ ਫਿਰੋਜ਼ਪੁਰ ਵਾਸੀ ਨਾਲ ਕਰਵਾ ਲਿਆ। ਮਗਰੋਂ ਘਰੇਲੂ ਝਗੜੇ ਕਾਰਨ ਉਹ ਅਲੱਗ ਰਹਿਣ ਲੱਗ ਪਈ। ਕਰੀਬ 7-8 ਮਹੀਨੇ ਤੋਂ ਉਹ ਮੋਗਾ ਵਿੱਚ ਇਕ ਔਰਤ ਦੇ ਘਰ ਕੰਮ ਕਰ ਰਹੀ ਸੀ ਅਤੇ ਭਰਾ ਨਾਲ ਆਪਣੇ ਕੰਮ ਦੇ ਪੈਸੇ ਲੈਣ ਆਈ ਸੀ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S&S Jewellers Ltd.

Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਪੰਜਾਬ ਚੋਣਾਂ

# ਬਹੁਕੋਣੀ ਮੁਕਾਬਲੇ ਦਾ ਭੰਬਲਭੂਸਾ...

ਸੁਖਵਿੰਦਰ ਸਿੰਘ ਚੋਹਲਾ

16ਵੀਂ ਪੰਜਾਬ ਵਿਧਾਨ ਸਭਾ ਲਈ 20 ਫਰਵਰੀ ਨੂੰ ਪੈ ਰਹੀਆਂ ਵੋਟਾਂ ਦੌਰਾਨ ਸੂਬੇ ਦੇ 2 ਕਰੋੜ 14 ਲੱਖ ਤੋਂ ਉਪਰ ਵੋਟਰ ਆਪਣੇ ਭਵਿੱਖ ਦੀ ਸਰਕਾਰ ਦਾ ਫੈਸਲਾ ਕਰਨ ਜਾ ਰਹੇ ਹਨ ਜਿਹਨਾਂ ਵਿਚ 1 ਕਰੋੜ 12 ਲੱਖ 98 ਹਜ਼ਾਰ 81 ਮਰਦ ਤੇ 1 ਕਰੋੜ 2 ਲੱਖ 996 ਔਰਤਾਂ ਸ਼ਾਮਿਲ ਹਨ। ਪ੍ਰਮੁੱਖ ਰਾਜਸੀ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ+ਬਸਪਾ, ਭਾਜਪਾ+ਪੰਜਾਬ ਲੋਕ ਕਾਂਗਰਸ+ਸੰਯੁਕਤ ਅਕਾਲੀ ਦਲ, ਲੋਕ ਇਨਸਾਫ ਪਾਰਟੀ, ਸੰਯੁਕਤ ਸਮਾਜ ਮੋਰਚਾ+ਸੰਯੁਕਤ ਸੰਘਰਸ਼ ਪਾਰਟੀ ਤੋਂ ਇਲਾਵਾ ਅਕਾਲੀ ਦਲ ਅੰਮ੍ਰਿਤਸਰ, ਸੀ ਪੀ ਆਈ, ਸੀ ਪੀ ਐਮ ਤੇ ਸੀ ਪੀ ਆਈ (ਐਮ ਐਲ) ਦੇ ਕੁਲ 1304 ਉਮੀਦਵਾਰ ਆਪਣੀ ਕਿਸਤਮ ਅਜ਼ਮਾਈ ਕਰ ਰਹੇ ਹਨ ਜਿਹਨਾਂ ਵਿਚ 42 ਮਹਿਲਾਵਾਂ ਤੇ ਦੋ ਟਰਾਂਸਜੈਂਡਰ ਵੀ ਸ਼ਾਮਿਲ ਹਨ। ਮਹਿਲਾਵਾਂ ਨੂੰ ਉਮੀਦਵਾਰ ਬਣਾਉਣ ਵਾਲੀਆਂ ਪਾਰਟੀਆਂ ਵਿਚ ਆਪ ਨੇ 13, ਕਾਂਗਰਸ ਨੇ 10 ਤੇ ਅਕਾਲੀ ਦਲ ਨੇ 5 ਨੂੰ ਮੈਦਾਨ ਵਿਚ ਉਤਾਰਿਆ ਹੈ।

117 ਮੈਂਬਰੀ ਵਿਧਾਨ ਸਭਾ ਵਿਚ ਪਿਛਲੀ ਵਾਰ ਕਾਂਗਰਸ ਨੇ 77 ( 38.50 ਪ੍ਰਤੀਸ਼ਤ ਵੋਟ) ਆਪ ਨੇ 20 ( 23.72 ਪ੍ਰਤੀਸ਼ਤ ਵੋਟ) ਅਕਾਲੀ ਦਲ ਨੇ 15 ( 25.24 ਪ੍ਰਤੀਸ਼ਤ ਵੋਟ) ਤੇ ਭਾਜਪਾ ਨੇ 3 ਸੀਟਾਂ (5.39 ਪ੍ਰਤੀਸ਼ਤ ਵੋਟਾਂ) ਜਿੱਤੀਆਂ ਸਨ। ਆਮ ਆਦਮੀ ਪਾਰਟੀ ਪਹਿਲੀ ਵਾਰ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਪਾਰਟੀ ਬਣੀ ਸੀ ਪਰ ਉਸਦੇ 8 ਵਿਧਾਇਕ ਪਾਰਟੀ ਛੱਡਕੇ ਚਲੇ ਗਏ ਸਨ।

ਚੋਣ ਕਮਿਸ਼ਨ ਵਲੋਂ ਕੋਵਿਡ ਦੌਰਾਨ ਕਈ ਰੋਕਾਂ ਤੇ ਹਦਾਇਤਾਂ ਸਮੇਤ ਕਰਵਾਈਆਂ ਜਾ ਰਹੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀਆਂ ਚੋਣਾਂ ਇਸ ਵਾਰ ਕਾਫੀ ਦਿਲਚਸਪ ਹਨ। ਇਹ ਪਹਿਲੀ ਵਾਰ ਹੈ ਕਿ ਰਵਾਇਤੀ ਚੋਣ ਮੁਕਾਬਲਿਆਂ ਦੀ ਬਿਜਾਏ ਹਰ ਹਲਕੇ ਵਿਚ ਬਹੁਕੋਣੀ ਮੁਕਾਬਲੇ ਹੋਣ ਜਾ ਰਹੇ ਹਨ। ਦਿੱਲੀ ਦੀਆਂ ਹੱਦਾਂ ਉਪਰ ਸਾਲ ਭਰ ਲੜੇ ਗਏ ਕਿਸਾਨ ਅੰਦੋਲਨ ਕਾਰਣ ਲੋਕਾਂ ਵਿਚ ਆਈ ਜਾਗਰੁਕਤਾ ਤੇ ਲੀਡਰਾਂ ਨੂੰ ਸਵਾਲ ਪੁੱਛਣ ਦੀ ਹਿੰਮਤ ਨੇ ਚੋਣ ਮੁਹਿੰਮ ਨੂੰ ਰੌਚਕ ਬਣਾਈ ਰੱਖਿਆ ਹੈ। ਚੋਣ ਪ੍ਰਚਾਰ ਦਾ ਮੋਹਰੀ ਜ਼ਰੀਏ ਬਣੇ ਸੋਸ਼ਲ ਮੀਡੀਆ ਨੇ ਲੋਕਾਂ ਦੇ ਹੱਥਾਂ ਚੋ ਸੈਲ ਫੋਨ ਛੁੱਟਣ ਨਹੀ ਦਿੱਤੇ। ਸੈਲ ਫੋਨ ਤੇ ਸੋਸ਼ਲ ਮੀਡੀਆ ਨਾਲ ਜੁੜੀ ਨੌਜਵਾਨ ਪੀੜੀ ਨੇ ਹਰ ਪਾਸੇ 'ਆਪ -ਆਪ' ਕਰਵਾ ਛੱਡੀ। ਰਵਾਇਤੀ ਪਾਰਟੀਆਂ ਤੋਂ ਅੱਕੇ ਤੇ ਤਬਦੀਲੀ ਦੀ ਚਾਹਨਾ ਰੱਖਣ ਵਾਲੇ ਲੋਕਾਂ ਨੇ ਦਿੱਲੀ ਦਾ ਵਿਕਾਸ ਮਾਡਲ ਲੈਕੇ ਪੰਜਾਬ ਨੂੰ ਨਵਾਂ ਸੁਪਨਾ ਵਿਖਾਉਣ ਵਾਲੀ ਆਮ ਆਦਮੀ ਪਾਰਟੀ ਨੂੰ ਭਰਵਾਂ ਹੁੰਗਾਰਾ ਦਿੱਤਾ। ਆਪ ਸੁਪਰੀਮੋ ਕੇਜਰੀਵਾਲ ਨੇ ਵੀ ਪੰਜਾਬ ਵਿਚ ਚੋਣ ਪ੍ਰਚਾਰ ਦੇ ਆਰੰਭ ਵਿਚ ਹੀ ਇਕ ਕਰੋੜ ਤੋਂ ਉਪਰ ਔਰਤ ਵੋਟਰਾਂ ਨੂੰ 1-1 ਹਜ਼ਾਰ ਰੁਪਏ ਮਾਣ ਭੱਤਾ ਦੇਣ ਦਾ ਐਲਾਨ ਕਰਕੇ ਸਿਆਸੀ ਵਿਰੋਧੀ ਧਿਰਾਂ ਵਿਚ ਤਰਥੱਲੀ ਮਚਾ ਦਿੱਤੀ। ਔਰਤ ਵੋਟਰਾਂ ਨੂੰ ਦਿੱਤੇ ਗਏ ਇਸ ਵੱਡੇ ਲਾਲਚ ਦਾ ਅਸਰ ਅਜਿਹਾ ਫੈਲਿਆ ਕਿ ਕਾਂਗਰਸ ਤੇ ਅਕਾਲੀ ਦਲ ਨੇ ਔਰਤਾਂ ਲਈ ਦੁਗਣੀ ਰਕਮ ਦਾ ਐਲਾਨ ਕੀਤਾ। ਕਾਂਗਰਸ ਨੇ ਤਾਂ ਸੁਆਣੀਆਂ ਲਈ ਸਾਲ ਦੇ 8 ਗੈਸ ਸਿਲੰਡਰ ਦੇਣ ਦਾ ਵੀ ਵਾਅਦਾ ਕਰ ਦਿੱਤਾ। ਚੋਣ ਮੁਹਿੰਮ ਵੱਲ ਝਾਤ ਮਾਰਿਆਂ ਪਤਾ ਚੱਲਦਾ ਹੈ ਕਿ ਸੱਤਾ ਉਪਰ ਦਾਅਵੇਦਾਰ ਸਾਰੀਆਂ ਸਿਆਸੀ ਧਿਰਾਂ ਨੇ ਲੋਕਾਂ ਨਾਲ ਵੱਡੀਆਂ ਸਹੂਲਤਾਂ ਦੇ ਵਾਅਦਿਆਂ ਵਿਚ ਕੋਈ ਕਮੀ ਨਹੀ ਛੱਡੀ। ਤਬਦੀਲੀ ਦਾ ਨਾਅਰਾ ਦੇਣ ਵਾਲੀ ਪਾਰਟੀ ਸਮੇਤ ਸਭ ਨੇ ਲੋਕਾਂ ਨੂੰ ਮੰਗਤੇ ਤੇ ਨਿਕੰਮੇ ਸਮਝਣ ਜਾਂ ਬਣਾਉਣ ਵਿਚ ਕੋਈ ਸੰਗ-ਸ਼ਰਮ ਨਹੀ ਰੱਖੀ। ਸਿੱਖਿਆ, ਸਿਹਤ, ਰੋਜ਼ਗਾਰ, ਗਰੀਬਾਂ ਨੂੰ ਵਧੇਰੇ ਸਹੂਲਤਾਂ ਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਲਾਰਿਆਂ ਦੇ ਨਾਲ ਰੇਤ ਤੇ ਨਸ਼ਾ ਮਾਫੀਆ ਨੂੰ ਖਤਮ ਕਰਨ ਦੇ ਨਾਅਰੇ ਹਰ ਪਾਰਟੀ ਤੇ ਆਗੂ ਨੇ ਲਗਾਏ। ਅਕਾਲੀ ਦਲ ਖਿਲਾਫ ਪਿਛਲੀ ਵਾਰ ਵਾਂਗ ਬੇਅਦਬੀਆਂ ਦੀ ਡੰਡੀ ਤੇ ਗੁਰੂ ਨਾਲ ਇਨਸਾਫ ਦੇ ਦਮਗਜ਼ੇ ਮੁੜ ਸੁਣਾਈ ਦਿੱਤੇ ਪਰ ਕਾਂਗਰਸ ਰਾਜ ਦੌਰਾਨ ਬੇਅਦਬੀਆਂ ਦੀਆਂ ਵਾਪਰੀਆਂ ਨਿਰੰਤਰ ਘਟਨਾਵਾਂ ਤੇ ਡਰੱਗ ਤੇ ਰੇਤ ਮਾਫੀਆ ਉਪਰ ਕੋਈ ਲਗਾਮ ਨਾ ਲੱਗਣ ਦੇ ਸਵਾਲ ਉਪਰ ਉਹਨਾਂ ਪਾਸ ਕੋਈ ਜਵਾਬ ਨਹੀ ਸੀ। ਆਪਣੀ ਅਸਫਲਤਾਵਾਂ ਤੇ ਪਰਦਾ ਪਾਉਂਦਿਆਂ ਕਾਂਗਰਸ ਹਾਈਕਮਾਨ ਨੇ ਦਲਿਤ ਮੁੱਖ ਮੰਤਰੀ ਦੇ ਨਾਮ ਦਾ ਪੱਤਾ ਖੇਡਦਿਆਂ ਰਾਜ ਵਿਚ ਜਾਤੀਵਾਦ ਦੀ ਨਵੀਂ ਚਿਚੜੀ ਛੇੜਨ ਵਿਚ ਕੋਈ ਕਸਰ ਨਹੀ ਛੱਡੀ। ਭਾਜਪਾ ਦੇ ਹਿੰਦੂਤਵ ਪੱਤੇ ਤੋ ਅੱਗੇ ਲੰਘਦਿਆਂ ਕਾਂਗਰਸ ਨੇ ਗੁਰਾਂ ਦੇ ਨਾਮ ਤੇ ਵਸਦੇ ਪੰਜਾਬ ਵਿਚ ਜਾਤੀ ਨਫਰਤ ਫੈਲਾਉਣ ਤੋਂ ਸੰਕੋਚ ਨਹੀ ਕੀਤਾ। ਪੰਜਾਬ ਵਿਚ 'ਜੱਟਵਾਦ' ਉਪਰ ਸਵਾਲ ਉਠਾਉਣ ਵਾਲੇ 'ਦਲਿਤਵਾਦ' ਦੀ ਮਜ਼ਬੂਤੀ ਦੀ ਤਰਫਦਾਰੀ ਕਰਦਿਆਂ ਇਹ ਭੁੱਲ ਹੀ ਗਏ ਕਿ ਅਗਰ ਦਲਿਤ ਨੂੰ ਦਲਿਤ ਵੋਟ ਕਰੇਗਾ ਤਾਂ ਜੱਟ ਜਾਂ ਹੋਰ ਸ੍ਰੇਣੀਆਂ ਦੇ ਨਿਰਪੱਖ ਰਹਿਣ ਦਾ ਪਾਠ ਕਿੰਜ ਸੰਭਵ ਰਹੇਗਾ?



ਮੁਲਕ ਭਰ ਵਿਚ ਭਾਜਪਾ ਨੂੰ ਟੱਕਰ ਦੇਣ ਦੀ ਨੀਅਤ ਤਹਿਤ ਪੰਜਾਬ ਵਿਚ ਕਾਂਗਰਸ ਵਲੋਂ ਖੇਡੀ ਗਈ ਜਾਤੀਵਾਦ ਦੀ ਖੇਡ ਪੰਜਾਬੀ ਸਮਾਜ ਵਿਚ ਨਵੇ ਬਿਖੇੜੇ ਖੜੇ ਕਰ ਸਕਦੀ ਹੈ। ਅਕਾਲੀ ਦਲ ਦੀ ਬਹੁਜਨ ਸਮਾਜ ਪਾਰਟੀ ਨਾਲ ਭਿਆਲੀ ਵੀ ਦਲਿਤ ਵੋਟਰ ਨੂੰ ਲੁਭਾਉਣ ਦੀ ਹੀ ਕਾਢ ਹੈ। ਦਲਿਤ ਮੁੱਖ ਮੰਤਰੀ ਦੇ ਨਾਮ ਉਪਰ ਦਲਿਤ ਵੋਟ ਦੇ ਇਕੱਠਾ ਹੋਣ ਦੇ ਭਰਮ ਵਿਚ ਬਸਪਾ ਦੇ ਸਮਰਪਿਤ ਕਾਡਰ ਤੇ ਵੋਟਰ ਨੂੰ ਦਰਕਿਨਾਰ ਕਰਨਾ ਮੁਮਕਿਨ ਨਹੀਂ।

ਰਵਾਇਤੀ ਪਾਰਟੀਆਂ ਦੀ ਰਾਜਨੀਤੀ ਤੋਂ ਅੱਗੇ ਤਬਦੀਲੀ ਤੇ 'ਇਕ ਮੌਕਾ ਕੇਜਰੀਵਾਲ-ਭਗਵੰਤ ਮਾਨ' ਨੂੰ ਨਾਅਰੇ ਨਾਲ ਚੋਣ ਮੈਦਾਨ ਵਿਚ ਉਤਸ਼ਾਹ ਨਾਲ ਵਿਚਰੀ ਆਮ ਆਦਮੀ ਪਾਰਟੀ ਦੀਆਂ ਸੰਭਾਵਨਾਵਾਂ ਦੀ ਚਰਚਾ ਹੈ। ਸੱਚੇ ਝੂਠੇ ਚੋਣ ਸਰਵੇਖਣਾਂ ਵਿਚ 'ਆਪ' ਨੂੰ ਸਭ ਤੋ ਉਪਰ ਵਿਖਾਇਆ ਗਿਆ ਹੈ। ਸੋਸ਼ਲ ਮੀਡੀਆ ਵਿਚ ਉਹ ਨੰਬਰ ਵੰਨ ਹੈ ਪਰ ਸਵਾਲ ਹੈ ਕਿ ਕੀ ਇਹ 'ਲੋਕ ਉਤਸ਼ਾਹ' ਵੋਟ ਵਿਚ ਤਬਦੀਲ ਹੋ ਪਾਏਗਾ? ਰਵਾਇਤੀ ਪਾਰਟੀਆਂ ਦਾ ਬੱਝਵਾਂ ਵੋਟ ਤੇ ਡੇਰਾਵਾਦ ਦਾ ਪ੍ਰਭਾਵ ਹਰ ਪਾਰਟੀ ਦੇ ਜਮਾਂ ਜੋੜ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਜਪਾ ਜਿਸਨੂੰ ਕਿਸਾਨ ਅੰਦੋਲਨ ਕਾਰਣ ਹਾਸ਼ੀਏ ਉਪਰ ਵੇਖਿਆ ਜਾ ਰਿਹਾ ਸੀ, ਦੀਆਂ 'ਸਿਖਰ ਸਰਗਰਮੀਆਂ' ਨਤੀਜੇ ਪ੍ਰਭਾਵਿਤ ਕਰ ਸਕਦੀਆਂ ਹਨ। ਡੇਰਾ ਸੱਚਾ ਸੌਦਾ ਦੇ ਮੁਖੀ ਦੀ ਪੈਰੋਲ ਤੇ ਸਿੱਖ ਸੰਤਾਂ ਦਾ 'ਮੋਦੀ ਮਿਲਾਪ' ਗਹਿਰੇ ਸੰਕੇਤ ਦੀ ਹਾਮੀ ਹੈ। ਡੇਰਾ ਮੁਖੀਆਂ ਨੂੰ 'ਰੱਬ' ਵਾਂਗ ਪੂਜਦੀਆਂ ਸੰਗਤਾਂ ਆਪਣੇ 'ਰੱਬ' ਤੋਂ ਮੁਨਕਰ ਕਦ ਹਨ? ਸੰਤ ਸਮਾਜ ਵਲੋਂ ਅਕਾਲੀ ਦਲ ਨੂੰ ਹਮਾਇਤ ਦਾ ਐਲਾਨ ਵੀ ਲੁਕਵਾਂ ਨਹੀ ਹੈ।

ਰਵਾਇਤੀ ਪਾਰਟੀਆਂ ਦੇ ਲੋਕ ਵਿਰੋਧ ਉਪਰ ਨਿਰਭਰ ਆਮ ਆਦਮੀ ਪਾਰਟੀ ਦੇ ਸਰਕਾਰ ਬਣਾਉਣ ਦੇ ਦਾਅਵਿਆਂ ਦੌਰਾਨ ਲਟਕਵੀ ਵਿਧਾਨ ਸਭਾ ਦੇ ਕਿਆਫੇ ਵਧੇਰੇ ਹਨ। ਸਿੱਖ ਮੁੱਦਿਆਂ ਉਪਰ ਆਪ ਦਾ ਉਦਾਸੀਨ ਰਵੱਈਆ ਤੇ ਹੁਣ ਆਪ ਦੇ ਇਕ ਸਾਬਕਾ ਆਗੂ ਵਲੋਂ ਆਪ ਸੁਪਰੀਮੋ ਨੂੰ ਖਾਲਿਸਤਾਨ ਪੱਖੀ ਤਾਕਤਾਂ ਨਾਲ ਨੇੜਤਾ ਦੇ ਦੋਸ਼ਾਂ ਦਾ ਖੁਲਾਸਾ ਹਿੰਦੂ ਤੇ ਸਿੱਖ ਦੋਵਾਂ ਤਰਾਂ ਦੇ ਵੋਟਰਾਂ ਵਿਚ ਸ਼ੰਕੇ ਪੈਦਾ ਕਰਨ ਵਾਲਾ ਹੈ। ਮੁੱਖ ਮੰਤਰੀ ਚੰਨੀ ਵਲੋਂ ਵੋਟਾਂ ਤੋਂ ਐਨ ਇਕ ਦਿਨ ਪਹਿਲਾਂ ਆਪ ਸੁਪਰੀਮੋ ਕੇਜਰੀਵਾਲ ਦੀ ਵੱਖਵਾਦੀ ਤਾਕਤਾਂ ਨਾਲ ਸਾਂਝ ਦੀ ਜਾਂਚ ਦਾ ਸ਼ਿਕਾਇਤ ਪੱਤਰ ਗ੍ਰਹਿ ਮੰਤਰੀ ਨੂੰ ਸੌਪਣਾ ਤੇ ਉਹਨਾਂ ਵਲੋਂ ਜਾਂਚ ਕਰਵਾਉਣ ਦਾ ਭਰੋਸਾ ਦੇਣਾ -ਸੰਕੇਤ ਹੈ ਕਿ ਆਪ ਨੂੰ ਪੰਜਾਬ ਵਿਚ ਰੋਕਣ ਲਈ ਉਹ ਕੋਈ ਮੌਕਾ ਖੁੰਝਾਉਣਾ ਨਹੀ ਚਾਹੁੰਦੇ। ਸੱਤਾ ਵਿਰੋਧੀ ਵੋਟਾਂ ਦਾ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰਾਂ ਨੂੰ ਭੁਗਤਣਾ ਵੀ ਆਪ ਦੀ ਵੋਟ ਡਲਿਵਰੀ ਨੂੰ ਲੇਸ ਲਗਾ ਸਕਦਾ ਹੈ। ਇਹ ਜਾਣਨਾ ਵੀ ਜ਼ਰੂਰੀ ਹੈ ਕਿ ਸਰਕਾਰ ਬਣਾਉਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਣ ਵਾਲਾ ਦਲਿਤ ਤੇ ਸ਼ਹਿਰੀ ਵੋਟਰ ਕਿਸ ਧਿਰ ਨਾਲ ਖੜਾ ਹੈ?

ਬਹੁਕੋਣੀ ਮੁਕਾਬਲੇ ਤੇ ਚੋਣ ਭੰਬਲਭੂਸੇ ਵਿਚ ਫਸੇ ਵੋਟਰਾਂ ਸਾਹਮਣੇ ਮੁੱਖ ਮੰਤਰੀ ਵਜੋ ਚੋਣ ਲਈ ਚੰਨੀ, ਸੁਖਬੀਰ ਤੇ ਭਗਵੰਤ ਮਾਨ ਵਜੋ ਤਿੰਨ ਚਿਹਰੇ ਤਾਂ ਸਪੱਸ਼ਟ ਹਨ। ਭਗਵੰਤ ਮਾਨ ਦੀ ਚਾਲਕ ਸ਼ਕਤੀ ਭਾਵੇ ਆਪ ਸੁਪਰੀਮੋ ਹੈ ਪਰ ਫਿਰ ਵੀ ਇਹਨਾਂ ਤਿੰਨ ਸਖਸ਼ੀਅਤਾਂ ਚੋ ਪੰਜਾਬ ਦੀਆਂ ਸਮੱਸਿਆਵਾਂ ਪ੍ਰਤੀ ਵਧੇਰੇ ਸਮਝ, ਦ੍ਰਿਸ਼ਟੀ ਤੇ ਅਗਵਾਈ ਦੇ ਨਾਲ ਕੌਮੀ ਤੇ ਕੌਮਾਂਤਰੀ ਪੱਧਰ ਉਪਰ ਪੰਜਾਬੀ ਕਿਰਦਾਰ ਦੀ ਪ੍ਰਤੀਨਿਧਤਾ ਲਈ ਯੋਗ ਕੌਣ ਹੈ, ਇਹ ਫੈਸਲਾ ਵੋਟਰਾਂ ਦੇ ਹੱਥ ਹੈ। 10 ਮਾਰਚ ਦੱਸੇਗਾ-ਕੋਈ ਰੋਵੇਗਾ, ਕੋਈ ਹੱਸੇਗਾ....


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661

# ਸਿੱਧੂ ਦੀ ਬੋਲਬਾਣੀ ਨੇ ਕਾਂਗਰਸ ਦਾ ਨੁਕਸਾਨ ਕੀਤਾ-ਐਮ. ਪੀ. ਔਜਲਾ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਪੰਜਾਬ ਵਿਧਾਨ ਸਭਾ ਲਈ ਵੋਟਾਂ ਪਾਉਣ ਦਾ ਕੰਮ ਮੁਕੰਮਲ ਹੋਣ ਮਗਰੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਹੁਣ ਆਪਣਿਆਂ ਦੇ ਹੀ ਨਿਸ਼ਾਨੇ 'ਤੇ ਆ ਗਏ ਹਨ, ਜੋ ਉਨ੍ਹਾਂ ਦੀ ਬੋਲਬਾਣੀ 'ਤੇ ਇਤਰਾਜ਼ ਕਰ ਰਹੇ ਹਨ। ਇੱਥੇ ਮੀਡੀਆ ਨਾਲ ਗੱਲ ਕਰਦਿਆਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਸ੍ਰੀ ਸਿੱਧੂ ਦੀ ਬੋਲਬਾਣੀ ਕਾਰਨ ਨਾ ਸਿਰਫ ਹਲਕੇ ਦੇ ਲੋਕ ਸਗੋਂ ਹਲਕੇ ਵਿੱਚ ਕੰਮ ਕਰਦੇ ਕਾਂਗਰਸੀ ਆਗੂ ਵੀ ਨਿਰਾਸ਼ ਸਨ, ਜੋ ਇਸੇ ਕਾਰਨ ਕਾਂਗਰਸ ਛੱਡ ਕੇ ਚਲੇ ਗਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਵੀ ਹਰੇਕ ਵਰਕਰ ਅਤੇ ਆਗੂ ਮਾਣ ਸਨਮਾਨ ਚਾਹੁੰਦਾ ਹੈ, ਕੋਈ ਵੀ ਬੇਇੱਜ਼ਤ ਨਹੀਂ ਹੋਣਾ ਚਾਹੁੰਦਾ। ਸ੍ਰੀ ਔਜਲਾ ਨੇ ਕਿਹਾ ਕਿ ਕੋਈ ਵੱਡਾ ਹੋਵੇ ਜਾਂ ਛੋਟਾ, ਹਰੇਕ ਲਈ ਮਾਣ-ਸਨਮਾਨ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਪੂਰਬੀ ਹਲਕੇ ਵਿੱਚ ਵਧੇਰੇ ਲੋਕ ਵਿਰੋਧੀ ਉਮੀਦਵਾਰਾਂ ਦੇ ਨਾਲ ਤੁਰੇ ਹਨ, ਜਿਸ ਕਾਰਨ ਕਾਂਗਰਸੀ ਉਮੀਦਵਾਰ ਪੱਛੜਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਜੋ ਲੋਕ ਚੁੱਪ ਰਹੇ ਹਨ, ਉਨ੍ਹਾਂ ਦੀ ਵੋਟ ਕਿਸੇ ਪਾਸੇ ਵੀ ਜਾ ਸਕਦੀ ਹੈ। ਸ੍ਰੀ ਔਜਲਾ ਨੇ ਕਿਹਾ ਕਿ ਸ੍ਰੀ ਸਿੱਧੂ ਇੱਕ ਕੌਮੀ ਪੱਧਰ ਦੇ ਆਗੂ ਹਨ ਅਤੇ ਆਪਣੇ ਰੁਝੇਵਿਆਂ ਕਾਰਨ ਉਹ ਹਲਕੇ ਵਿੱਚ ਵੀ ਵਧੇਰੇ ਨਹੀਂ ਜਾ ਸਕੇ, ਜਿਸ ਕਾਰਨ ਵੀ ਲੋਕ ਉਨ੍ਹਾਂ ਨਾਲ ਨਾਰਾਜ਼ ਹਨ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਲਈ ਸ੍ਰੀ ਸਿੱਧੂ ਕੋਲੋਂ ਪ੍ਰੋਗਰਾਮ ਪੁੱਛਿਆ ਗਿਆ ਸੀ ਪਰ ਉਨ੍ਹਾਂ ਕੋਈ ਪ੍ਰੋਗਰਾਮ ਨਹੀਂ ਦਿੱਤਾ। ਸ੍ਰੀ ਔਜਲਾ ਨੇ ਆਪਣੀ ਇਹ ਨਾਰਾਜ਼ਗੀ ਵੋਟਾਂ ਪਾਉਣ ਦਾ ਕੰਮ ਖਤਮ ਹੋਣ ਮਗਰੋਂ ਜਨਤਕ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਨਹੀਂ ਚਾਹੁੰਦੇ ਸਨ ਕਿ ਸ੍ਰੀ ਸਿੱਧੂ ਦੇ ਚੋਣ ਪ੍ਰਚਾਰ 'ਤੇ ਕੋਈ ਮਾੜਾ ਅਸਰ ਪਵੇ। ਚੋਣਾਂ ਦੌਰਾਨ ਚੋਣ ਪ੍ਰਬੰਧਕ ਕਮੇਟੀ ਦੇ ਮੁਖੀ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਇੱਥੇ ਨਾਰਾਜ਼ ਕਾਂਗਰਸੀਆਂ ਨੂੰ ਮਨਾਉਣ ਲਈ ਵੀ ਆਏ ਸਨ। ਉਨ੍ਹਾਂ ਨੇ ਸੰਸਦ ਮੈਂਬਰ ਸ੍ਰੀ ਔਜਲਾ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ, ਮੇਅਰ



ਕਰਮਜੀਤ ਸਿੰਘ ਰਿੰਟੂ ਤੇ ਹੋਰਨਾਂ ਨਾਲ ਮੀਟਿੰਗ ਵੀ ਕੀਤੀ ਸੀ ਪਰ ਇਸ ਮੀਟਿੰਗ ਮਗਰੋਂ ਵੀ ਨਵਜੋਤ ਸਿੱਧੂ ਨਾਲ ਨਾਰਾਜ਼ ਕਾਂਗਰਸੀ ਉਨ੍ਹਾਂ ਨਾਲ ਨਹੀਂ ਤੁਰੇ ਸਨ, ਸਗੋਂ ਮੇਅਰ ਕਰਮਜੀਤ ਸਿੰਘ ਰਿੰਟੂ ਤਾਂ ਪਾਰਟੀ ਛੱਡ ਕੇ 'ਆਪ' ਵਿੱਚ ਚਲੇ ਗਏ ਸੀ। ਇਸੇ ਤਰ੍ਹਾਂ ਪੂਰਬੀ ਹਲਕੇ ਦੇ ਕਈ ਮੌਜੂਦਾ ਕੌਂਸਲਰ ਵੀ ਸ੍ਰੀ ਸਿੱਧੂ ਦਾ ਸਾਥ ਛੱਡ ਗਏ ਸਨ, ਜਿਨ੍ਹਾਂ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੀ ਪ੍ਰਧਾਨ ਅਤੇ ਕੌਂਸਲਰ ਜਤਿੰਦਰ ਸੋਨੀਆ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਈ। ਸਮੁੱਚੇ ਚੋਣ ਪ੍ਰਚਾਰ ਦੌਰਾਨ ਸ੍ਰੀ ਸਿੱਧੂ ਨੇ ਆਪਣੇ ਵਿਰੋਧੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਇਤਰਾਜ਼ਯੋਗ ਸ਼ਬਦਾਵਲੀ ਵਰਤੀ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਉਨ੍ਹਾਂ ਦੇ ਨਿਸ਼ਾਨੇ 'ਤੇ ਰਹੇ ਅਤੇ ਅਜਿਹੀ ਹੀ ਸ਼ਬਦਾਵਲੀ ਉਨ੍ਹਾਂ ਖ਼ਿਲਾਫ਼ ਵੀ ਵਰਤੀ ਗਈ। ਸ੍ਰੀ ਸਿੱਧੂ ਦੀ ਅਜਿਹੀ ਬੋਲਬਾਣੀ ਹਲਕੇ ਦੇ ਲੋਕਾਂ ਨੂੰ ਵੀ ਠੀਕ ਨਹੀਂ ਲੱਗੀ। ਲੋਕਾਂ ਵਿੱਚ ਉਨ੍ਹਾਂ ਦੀ ਬੋਲਬਾਣੀ, ਗੈਰਹਾਜ਼ਰੀ ਅਤੇ ਕੰਮ ਨਾ ਹੋਣਾ ਇਤਰਾਜ਼ ਦੇ ਮੁੱਖ ਕਾਰਨ ਸਨ।

## ਔਜਲਾ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਖ਼ਤਮ ਕਰਵਾਉਣ ਲਈ ਡੀ.ਜੀ.ਪੀ. ਨੂੰ ਪੱਤਰ ਲਿਖਿਆ

ਅੰਮ੍ਰਿਤਸਰ-ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਨੂੰ ਇਕ ਪੱਤਰ ਭੇਜ ਕੇ ਸੂਬੇ 'ਚ ਨਸ਼ਿਆਂ ਦਾ ਕਾਰੋਬਾਰ ਖ਼ਤਮ ਕਰਨ ਲਈ ਠੋਸ ਨੀਤੀ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ 26 ਜੂਨ ਨੂੰ ਆ ਰਹੇ 'ਅੰਤਰਾਸ਼ਟਰੀ ਨਸ਼ਾ ਵਿਰੋਧੀ ਦਿਵਸ' ਤਕ ਇਸ ਸਬੰਧੀ ਕੋਈ ਠੋਸ ਕਾਰਵਾਈ ਲੋਕਾਂ ਸਾਹਮਣੇ ਲਿਆਂਦੀ ਜਾਣੀ ਚਾਹੀਦੀ ਹੈ। ਸ੍ਰੀ ਔਜਲਾ ਨੇ ਲਿਖਿਆ ਕਿ ਸੂਬੇ ਵਿਚ ਦਿਨੋ-ਦਿਨ ਨਸ਼ਿਆਂ ਦੇ ਕਾਰੋਬਾਰ ਅਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਦੇ ਮਾਮਲੇ ਵਧਦੇ ਜਾ ਰਹੇ ਹਨ। ਪੁਲੀਸ ਇਸ ਨੂੰ ਨਕੇਲ ਪਾਉਣ ਵਿਚ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹਨ। ਇਸ ਸਬੰਧੀ ਉਨ੍ਹਾਂ ਕਈ ਵਾਰ ਪੁਲੀਸ ਨੂੰ ਕਾਰਵਾਈ ਕਰਨ ਲਈ ਸੂਚਿਤ ਕੀਤਾ ਹੈ ਪਰ ਪੁਲੀਸ ਕਥਿਤ ਕਾਰਵਾਈ ਕਰਨ ਦੀ ਥਾਂ ਅੱਖਾਂ ਬੰਦ ਕਰ ਲੈਂਦੀ ਹੈ। ਅਜਿਹੀ ਕਾਰਜਪ੍ਰਣਾਲੀ ਕਾਰਨ ਲੋਕਾਂ ਵਿਚ ਪੁਲੀਸ ਦੀ ਭਰੋਸੇਯੋਗਤਾ ਨੂੰ ਢਾਹ ਲੱਗੀ ਹੈ। ਉਨ੍ਹਾਂ ਇਹ ਮਾਮਲਾ ਲੋਕ ਸਭਾ ਵਿਚ ਵੀ ਉਭਾਰਿਆ ਹੈ।

## ਭੈਣ ਦੇ ਹੱਕ ਵਿਚ ਪ੍ਰਚਾਰ ਕਰਨ ਵਾਲੇ ਸੋਨੂ ਸੂਦ ਖ਼ਿਲਾਫ਼ ਪਰਚਾ ਦਰਜ

ਮੋਗਾ-ਸਥਾਨਕ ਪੁਲੀਸ ਨੇ ਚੋਣ ਕਮਿਸ਼ਨ ਦੀ ਹਦਾਇਤ 'ਤੇ ਅਦਾਕਾਰ ਤੇ ਸਮਾਜ ਸੇਵੀ ਸੋਨੂ ਸੂਦ ਖ਼ਿਲਾਫ਼ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਲਈ ਆਈਪੀਸੀ ਦੀ ਧਾਰਾ 188 ਤਹਿਤ ਕੇਸ ਦਰਜ ਕੀਤਾ ਹੈ। ਐੱਫਆਈਆਰ ਵਿੱਚ ਸੋਨੂ ਉੱਤੇ ਆਪਣੀ ਭੈਣ ਮਾਲਵਿਕਾ ਸੂਦ, ਜੋ ਕਾਂਗਰਸ ਦੀ ਟਿਕਟ 'ਤੇ ਮੋਗਾ ਤੋਂ ਚੋਣ ਲੜ ਰਹੇ ਹਨ, ਲਈ ਵੋਟਰਾਂ ਨੂੰ ਅਸਰਅੰਦਾਜ਼ ਕਰਨ ਦਾ ਦੋਸ਼



ਲੱਗਾ ਹੈ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਸੋਨੂ ਮੋਗਾ ਅਸੈਂਬਲੀ ਹਲਕੇ ਦਾ ਵੋਟਰ ਨਹੀਂ ਹੈ, ਲਿਹਾਜ਼ਾ ਉਸ ਨੂੰ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਲਈ ਪ੍ਰਚਾਰ ਕਰਨ ਜਾਂ ਵੋਟਰਾਂ ਨੂੰ ਅਸਰਅੰਦਾਜ਼ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਧਰ ਅਦਾਕਾਰ ਨੇ ਕਿਹਾ ਕਿ ਉਸ ਨੂੰ ਸੂਬੇ ਤੋਂ ਬਾਹਰਲਾ ਦੱਸਣਾ ਸਰਾਸਰ ਗਲਤ ਹੈ ਕਿਉਂਕਿ ਉਨ੍ਹਾਂ ਦਾ ਜਨਮ ਤੇ ਪਰਵਰਿਸ਼ ਮੋਗਾ ਵਿੱਚ ਹੀ ਹੋਈ ਹੈ।










ਸਫ਼ਾ 1 ਦੀ ਬਾਕੀ

# ਅਕਾਲੀ ਦਲ ਤੇ ਕਾਂਗਰਸ ਨੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਵਾਲੇ ਆਗੂਆਂ ਨੂੰ ਬਾਹਰ ਦਾ ਰਸਤਾ ਵਿਖਾਇਆ

ਮੋਗਾ-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰਾਂ ਦਾ ਖੁੱਲ੍ਹੇਆਮ ਜਾਂ ਅੰਦਰੂਨੀ ਵਿਰੋਧ ਕਰਨ ਵਾਲੇ ਆਗੂਆਂ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਨੇ ਅੱਜ ਇੱਥੋਂ ਦੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਉਨ੍ਹਾਂ ਦੇ ਪੁੱਤਰ ਸਾਬਕਾ ਮੇਅਰ ਅਕਸ਼ਿਤ ਜੈਨ, ਸਾਬਕਾ ਜ਼ਿਲ੍ਹਾ ਯੂਥ ਪ੍ਰਧਾਨ ਜਗਦੀਪ ਸਿੰਘ ਗਟਰਾ, ਸਾਬਕਾ ਯੂਥ ਮੀਤ ਪ੍ਰਧਾਨ ਪਰਗਟ ਸਿੰਘ ਕੋਰੇਵਾਲਾ ਅਤੇ ਸਾਬਕਾ ਕੌਂਸਲਰ ਵੀਰਭਾਨ ਦਾਨਵ ਸਮੇਤ ਕਈ ਹੋਰ ਆਗੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ।

ਅਕਸ਼ਿਤ ਜੈਨ

ਵਿਧਾਨ ਸਭਾ ਹਲਕਾ ਮੋਗਾ ਤੋਂ ਅਕਾਲੀ ਦਲ ਦੇ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਦੇ ਘਰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਬਾਘਾਪੁਰਾਣਾ ਤੋਂ ਉਮੀਦਵਾਰ ਤੀਰਥ ਸਿੰਘ ਮਾਹਲਾ ਤੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀਵਾਲਾ ਨੇ ਪ੍ਰੈੱਸ ਕਾਨਫਰੰਸ ਕਰਕੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਉਸ ਦੇ ਪੁੱਤਰ ਸਾਬਕਾ ਮੇਅਰ ਅਕਸ਼ਿਤ ਜੈਨ ਤੇ ਹੋਰਾਂ ਨੂੰ ਅਕਾਲੀ ਦਲ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿੱਚੋਂ ਕੱਢਣ ਦਾ ਐਲਾਨ ਕੀਤਾ। ਉਨ੍ਹਾਂ ਜੈਨ ਪਰਿਵਾਰ 'ਤੇ ਮੋਗਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਦੇ ਹੱਕ ਵਿੱਚ ਕੰਮ ਕਰਨ ਅਤੇ ਸਾਬਕਾ ਜ਼ਿਲ੍ਹਾ ਯੂਥ ਪ੍ਰਧਾਨ ਜਗਦੀਪ ਸਿੰਘ ਗਟਰਾ 'ਤੇ ਹਲਕਾ ਬਾਘਾਪੁਰਾਣਾ ਵਿੱਚ ਪਾਰਟੀ ਉਮੀਦਵਾਰ ਦੀ ਮੁਖਾਲਫ਼ਤ ਕਰਨ ਦਾ ਦੋਸ਼ ਲਗਾਇਆ। ਇੱਥੇ 20 ਫਰਵਰੀ ਨੂੰ ਵੋਟਾਂ ਵਾਲੇ ਦਿਨ ਅਕਾਲੀ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਅਤੇ ਸਾਬਕਾ ਅਕਾਲੀ ਮੇਅਰ ਅਕਸ਼ਿਤ ਜੈਨ ਦੀ ਕਾਂਗਰਸੀ ਸਮਰਥਕ ਸਾਬਕਾ ਕੌਂਸਲਰ ਅਮਰੀਸ਼ ਕੁਮਾਰ ਬੱਗਾ ਨਾਲ ਬਹਿਸ ਹੋਈ ਸੀ। ਇਸ ਮੌਕੇ ਪੁਲੀਸ ਨੇ ਦੋਵਾਂ ਧਿਰਾਂ ਨੂੰ ਪਾਸੇ ਕਰਕੇ ਮਾਹੌਲ ਨੂੰ ਸ਼ਾਂਤ ਕੀਤਾ ਸੀ।

# ਪੰਜਾਬ 'ਚ ਘੱਟ ਚੋਣ ਮਤਦਾਨ ਕਾਰਨ ਚੋਣ ਨਤੀਜਿਆਂ ਬਾਰੇ ਭੰਬਲਭੂਸਾ ਬਣਿਆ

ਸਫ਼ਾ 1 ਦੀ ਬਾਕੀ



ਫੱਸੇ ਹੋਏ ਸਨ, ਉਥੇ ਵੀ ਸਾਧਾਰਨ ਵਿਧਾਨ ਸਭਾ ਹਲਕਿਆਂ ਦੇ ਮੁਕਾਬਲੇ ਜ਼ਿਆਦਾ ਵੋਟਾਂ ਪਈਆਂ ਹਨ। ਪੰਜਾਬ ਵਿੱਚ ਵਿਧਾਨ ਸਭਾ ਹਲਕਾਵਾਰ ਵੋਟਾਂ ਦੇ ਭੁਗਤਾਨ ਦੀ ਸਥਿਤੀ ਦੇਖੀ ਜਾਵੇ ਤਾਂ ਸੁਜਾਨਪੁਰ ਵਿੱਚ 76.33 ਫੀਸਦੀ, ਭੋਆ ਵਿੱਚ 73.91, ਪਠਾਨਕੋਟ ਵਿੱਚ 73.82, ਗੁਰਦਾਸਪੁਰ ਵਿੱਚ 72.0, ਦੀਨਾਨਗਰ ਵਿੱਚ 71.56, ਕਾਦੀਆਂ ਵਿੱਚ 72.24, ਬਟਾਲਾ ਵਿੱਚ 67.40, ਸ੍ਰੀ ਹਰਗੋਬਿੰਦਪੁਰ ਵਿੱਚ 69.03, ਫਤਿਹਗੜ੍ਹ ਚੂੜੀਆਂ ਵਿੱਚ 72.94, ਡੇਰਾ ਬਾਬਾ ਨਾਨਕ ਵਿੱਚ 73.70, ਅਜਨਾਲਾ ਵਿੱਚ 77.29, ਰਾਜਾ ਸਾਂਸੀ 'ਚ 75, ਮਜੀਠਾ ਵਿੱਚ 72.85, ਜੰਡਿਆਲਾ ਵਿੱਚ 70.87, ਅੰਮ੍ਰਿਤਸਰ ਉੱਤਰੀ ਵਿੱਚ 60.97, ਅੰਮ੍ਰਿਤਸਰ ਪੱਛਮੀ ਵਿੱਚ 55.40, ਅੰਮ੍ਰਿਤਸਰ ਕੇਂਦਰੀ ਵਿੱਚ 59.19, ਅੰਮ੍ਰਿਤਸਰ ਪੂਰਬੀ ਵਿੱਚ 64.05, ਅੰਮ੍ਰਿਤਸਰ ਦੱਖਣੀ ਵਿੱਚ 59.48, ਅਟਾਰੀ ਵਿੱਚ 67.37, ਬਾਬਾ ਬਕਾਲਾ ਵਿੱਚ 65.32, ਤਰਨ ਤਾਰਨ ਵਿੱਚ 65.81, ਖੇਮਕਰਨ ਵਿੱਚ 71.33, ਪੱਟੀ ਵਿੱਚ 71.28, ਖਡੂਰ ਸਾਹਿਬ ਵਿੱਚ 71.76, ਭੁਲੱਥ ਵਿੱਚ 66.30, ਕਪੂਰਥਲਾ ਵਿੱਚ 67.77, ਸੁਲਤਾਨਪੁਰ ਲੋਧੀ ਵਿੱਚ 72.55, ਫਗਵਾੜਾ ਵਿੱਚ 66.13, ਫਿਲੌਰ ਵਿੱਚ 67.28, ਨਕੋਦਰ ਵਿੱਚ 68.66, ਸ਼ਾਹਕੋਟ ਵਿੱਚ 72.85, ਕਰਤਾਰਪੁਰ ਵਿੱਚ 67.49, ਜਲੰਧਰ ਪੱਛਮੀ ਵਿੱਚ 67.31, ਜਲੰਧਰ ਕੇਂਦਰੀ ਵਿੱਚ 60.65, ਜਲੰਧਰ ਉੱਤਰੀ ਵਿੱਚ 66.70, ਜਲੰਧਰ ਛਾਉਣੀ ਵਿੱਚ 64.02, ਆਦਮਪੁਰ ਵਿੱਚ 67.53 ਅਤੇ ਮੁਕੇਰੀਆਂ ਵਿੱਚ 69.72 ਫੀਸਦੀ ਵੋਟਾਂ ਪਈਆਂ। ਇਸੇ ਤਰ੍ਹਾਂ ਦਸੂਹਾ ਵਿੱਚ 66.90 ਫੀਸਦੀ, ਉੜਮੁੜ ਵਿੱਚ 68.60, ਸ਼ਾਮ ਚੁਰਾਸੀ ਵਿੱਚ 69.43, ਹੁਸ਼ਿਆਰਪੁਰ ਵਿੱਚ 65.92, ਚੱਬੇਵਾਲ ਵਿੱਚ 71.19, ਗੜ੍ਹਸ਼ੰਕਰ ਵਿੱਚ 69.40, ਬੰਗਾ ਵਿੱਚ 69.39, ਨਵਾਂ ਸ਼ਹਿਰ ਵਿੱਚ 69.37, ਬਲਾਚੌਰ ਵਿੱਚ 73.77, ਆਨੰਦਪੁਰ ਸਾਹਿਬ ਵਿੱਚ 73.58, ਰੂਪਨਗਰ ਵਿੱਚ 73.84, ਚਮਕੌਰ ਸਾਹਿਬ ਵਿੱਚ 74.57, ਖਰੜ ਵਿੱਚ 66.17, ਮੁਹਾਲੀ ਵਿੱਚ 64.76, ਡੇਰਾਬੱਸੀ ਵਿੱਚ 69.25, ਬੱਸੀ ਪਠਾਣਾਂ ਵਿੱਚ 74.85, ਫਤਹਿਗੜ੍ਹ ਸਾਹਿਬ ਵਿੱਚ 77.23, ਅਮਲੋਹ ਵਿੱਚ 78.56, ਖੰਨਾ ਵਿੱਚ 74.41, ਸਮਰਾਲਾ 'ਚ 75.49, ਸਾਹਨੇਵਾਲ ਵਿੱਚ 67.43, ਲੁਧਿਆਣਾ ਪੂਰਬੀ ਵਿੱਚ 66.23, ਲੁਧਿਆਣਾ ਦੱਖਣੀ ਵਿੱਚ 59.04, ਆਤਮ ਨਗਰ ਵਿੱਚ 61.25, ਲੁਧਿਆਣਾ ਕੇਂਦਰੀ ਵਿੱਚ 61.77, ਲੁਧਿਆਣਾ ਪੱਛਮੀ ਵਿੱਚ 63.73, ਲੁਧਿਆਣਾ ਉੱਤਰੀ ਵਿੱਚ 61.26, ਗਿੱਲ ਵਿੱਚ 67.07, ਪਾਇਲ ਵਿੱਚ 76.12, ਦਾਖਾ ਵਿੱਚ 75.63, ਰਾਏਕੋਟ ਵਿੱਚ 72.33, ਜਗਰਾਓਂ ਵਿੱਚ 67.54, ਨਿਹਾਲ ਸਿੰਘ ਵਾਲਾ ਵਿੱਚ 71.06, ਬਾਘਾ ਪੁਰਾਣਾ ਵਿੱਚ 77.15, ਮੋਗਾ ਵਿੱਚ 70.63, ਧਰਮਕੋਟ ਵਿੱਚ 77.88, ਜ਼ੀਰਾ ਵਿੱਚ 80.47, ਫਿਰੋਜ਼ਪੁਰ ਸ਼ਹਿਰ ਵਿੱਚ 71.41 ਜਦਕਿ ਫਿਰੋਜ਼ਪੁਰ ਦਿਹਾਤੀ ਵਿੱਚ 77.22 ਫੀਸਦੀ, ਗੁਰੂ ਹਰ ਸਹਾਏ ਵਿੱਚ 81.08 ਅਤੇ ਜਲਾਲਾਬਾਦ ਵਿੱਚ 80 ਫੀਸਦੀ ਮਤਦਾਨ ਹੋਇਆ ਹੈ।

# ਬਿਕਰਮ ਸਿੰਘ ਮਜੀਠੀਆ ਨੂੰ 8 ਮਾਰਚ ਤੱਕ ਨਿਆਂਇਕ ਹਿਰਾਸਤ ਵਿਚ ਜੇਲ ਭੇਜਿਆ

ਸਫ਼ਾ 1 ਦੀ ਬਾਕੀ

ਲਈ ਅਦਾਲਤ ਵਿੱਚ ਅਰਜ਼ੀ ਵੀ ਦਾਇਰ ਕੀਤੀ, ਜਦੋਂਕਿ ਪੁਲੀਸ ਨੇ ਹਿਰਾਸਤ ਵਿੱਚ ਲੈ ਕੇ ਪੁੱਛ ਪੜਤਾਲ ਕੀਤੀ। ਏ.ਆਈ.ਜ਼ੀ. ਦੀ ਅਗਵਾਈ ਹੇਠ ਅਦਾਲਤ ਕੰਪਲੈਕਸ ਵਿੱਚ ਹੀ ਗਾਰਦ ਰੂਮ ਵਿੱਚ ਸਿਟ ਦੇ ਮੈਂਬਰਾਂ ਨੇ ਪੁੱਛ ਪੜਤਾਲ ਕੀਤੀ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਜੀਠੀਆ ਨੇ ਕਿਹਾ ਕਿ ਚੋਣਾਂ ਤੋਂ ਵਿਹਲੇ ਹੋ ਕੇ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅੱਜ ਮੁਹਾਲੀ ਅਦਾਲਤ ਵਿੱਚ ਪੇਸ਼ ਹੋਣ ਆਏ ਹਨ। ਨਿਆਂ ਪ੍ਰਣਾਲੀ ਉੱਤੇ ਪੂਰਾ ਭਰੋਸਾ ਹੈ। ਸਰਕਾਰ ਨੇ ਧੱਕੇਸ਼ਾਹੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇੱਥੋਂ ਤੱਕ ਕਿ ਉਸ ਨੂੰ ਵਿਧਾਨ ਸਭਾ ਦੀ ਚੋਣ ਲੜਨ ਤੋਂ ਹਰ ਹੀਲਾ ਵਰਤਿਆ ਗਿਆ।

# ਅਦਾਲਤ ਵੱਲੋਂ ਹਿਜਾਬ ਕੇਸ ਦੇ ਨਿਬੇੜੇ ਤੱਕ ਸਕੂਲਾਂ-ਕਾਲਜਾਂ ਵਲੋ ਲਗਾਈ ਵਰਦੀ ਵਿਦਿਆਰਥੀਆਂ ਲਈ ਲਾਜ਼ਮੀ ਕਰਾਰ

ਬੰਗਲੂਰੂ-ਕਰਨਾਟਕ ਹਾਈ ਕੋਰਟ ਨੇ ਹਿਜਾਬ ਕੇਸ ਦੀ ਸੁਣਵਾਈ ਦੌਰਾਨ ਅੱਜ ਕਿਹਾ ਕਿ ਵਿਦਿਆਰਥੀਆਂ ਨੂੰ ਕੇਸ ਦੇ ਨਿਬੇੜੇ ਤੱਕ ਸਕੂਲਾਂ ਅਤੇ ਕਾਲਜਾਂ ਵੱਲੋਂ ਤੈਅ ਕੀਤੀ ਗਈ ਵਰਦੀ ਪਹਿਨਣੀ ਚਾਹੀਦੀ ਹੈ। ਜਮਾਤਾਂ 'ਚ ਹਿਜਾਬ ਪਹਿਨਣ ਦੀ ਇਜਾਜ਼ਤ ਦੀ ਮੰਗ ਕਰਨ ਵਾਲੀ ਇਕ ਵਿਦਿਆਰਥਣ ਦੇ ਵਕੀਲ ਮੁਹੰਮਦ ਤਾਹਿਰ ਨੂੰ ਚੀਫ਼ ਜਸਟਿਸ ਰਿਤੂ ਰਾਜ ਅਵਸਥੀ ਨੇ ਕਿਹਾ,"ਅਸੀਂ ਬਿਲਕੁਲ ਸਪੱਸ਼ਟ ਕਰ ਰਹੇ ਹਾਂ ਕਿ ਭਾਵੇਂ ਡਿਗਰੀ ਕਾਲਜ ਹੋਵੇ ਜਾਂ ਪੀਯੂ ਕਾਲਜ, ਜੇਕਰ ਵਰਦੀ ਤੈਅ ਕੀਤੀ ਗਈ ਹੈ ਤਾਂ ਅਦਾਲਤ 'ਚ ਮਾਮਲੇ ਦੇ ਬਕਾਏ ਤੱਕ ਇਸ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ।" ਉਡੂਪੀ ਦੀਆਂ ਪਟੀਸ਼ਨਰਾਂ ਵੱਲੋਂ ਪੇਸ਼ ਹੋਏ ਵਕੀਲ ਨੇ ਜਦੋਂ ਕਿਹਾ ਕਿ ਅਧਿਆਪਕਾਂ ਨੂੰ ਵੀ ਆਪਣੇ ਹਿਜਾਬ ਉਤਾਰਨ ਲਈ ਆਖਿਆ ਜਾ ਰਿਹਾ ਹੈ ਤਾਂ ਅਦਾਲਤ ਨੇ ਸਪੱਸ਼ਟ ਕੀਤਾ ਕਿ ਹਿਜਾਬ ਨਾਲ ਸਬੰਧਤ ਅੰਤਰਿਮ ਹੁਕਮ ਸਿਰਫ਼ ਵਿਦਿਆਰਥੀਆਂ ਤੱਕ ਹੀ ਸੀਮਤ ਹਨ। ਤਾਹਿਰ ਨੇ ਬੈਂਚ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੇ ਅੰਤਰਿਮ ਹੁਕਮਾਂ ਨੂੰ ਸਪੱਸ਼ਟ ਕਰੇ ਕਿਉਂਕਿ ਹਰੇਕ ਵਿਦਿਅਕ ਅਦਾਰਾ ਅਦਾਲਤੀ ਹੁਕਮਾਂ ਦਾ ਹਵਾਲਾ ਦੇ ਕੇ ਵਿਦਿਆਰਥਣਾਂ ਨੂੰ ਅੰਦਰ ਨਹੀਂ ਆਉਣ ਦੇ ਰਿਹਾ ਹੈ। ਫੁੱਲ ਬੈਂਚ ਹਿਜਾਬ ਕੇਸ ਦੀ ਰੋਜ਼ ਸੁਣਵਾਈ ਕਰ ਰਿਹਾ ਹੈ ਅਤੇ ਉਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਹਫ਼ਤੇ ਕੇਸ ਦਾ ਨਿਬੇੜਾ ਕਰ ਸਕਦੇ ਹਨ।

# ਲਾਲੂ ਨੂੰ ਚਾਰਾ ਘੁਟਾਲਾ ਕੇਸ ਵਿਚ 5 ਸਾਲ ਕੈਦ ਦੀ ਸਜ਼ਾ

ਰਾਂਚੀ-ਵਿਸ਼ੇਸ਼ ਸੀਬੀਆਈ ਅਦਾਲਤ ਨੇ ਚਾਰਾ ਘੁਟਾਲੇ ਨਾਲ ਜੁੜੇ ਇਕ ਹੋਰ ਮਾਮਲੇ ਵਿੱਚ ਡੋਰੰਡਾ ਦੇ ਖ਼ਜ਼ਾਨੇ 'ਚੋਂ ਗ਼ੈਰਕਾਨੂੰਨੀ ਤਰੀਕੇ ਨਾਲ ਰਾਸ਼ੀ ਕਢਵਾਉਣ ਲਈ ਦੋਸ਼ੀ ਠਹਿਰਾਏ ਗਏ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ ਨੂੰ ਪੰਜ ਸਾਲ ਦੀ ਸਜ਼ਾ ਤੇ 60 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ। ਲਾਲੂ ਯਾਦਵ ਤੋਂ ਇਲਾਵਾ ਚਾਰਾ ਘੁਟਾਲੇ ਦੇ ਇਸ ਵੱਡੇ ਮਾਮਲੇ ਵਿੱਚ 37 ਹੋਰਨਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ।

# ਇਮਰਾਨ ਵੱਲੋਂ ਭਾਰਤ-ਪਾਕਿ ਮਸਲਿਆਂ ਤੇ ਪ੍ਰਧਾਨ ਮੰਤਰੀ ਮੋਦੀ ਨੂੰ ਬਹਿਸ ਦੀ ਚੁਣੌਤੀ

ਇਸਲਾਮਾਬਾਦ-ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਉਹ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨਾਲ ਦੋਹਾਂ ਗੁਆਂਢੀਆਂ ਵਿਚਾਲੇ ਮਤਭੇਦਾਂ ਨੂੰ ਸੁਲਝਾਉਣ ਲਈ ਟੈਲੀਵਿਜ਼ਨ 'ਤੇ ਬਹਿਸ ਕਰਨਾ ਚਾਹੁੰਦੇ ਹਨ। ਪਰਮਾਣੂ-ਸ਼ਕਤੀਸ਼ਾਲੀ ਵਿਰੋਧੀਆਂ ਨੇ 75 ਸਾਲ ਪਹਿਲਾਂ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਤਣਾਅ ਬਰਕਰਾਰ ਹੈ। ਦੋਵੇਂ ਮੁਲਕ ਤਿੰਨ ਜੰਗਾਂ ਵੀ ਲੜ ਚੁੱਕੇ ਹਨ। ਇਮਰਾਨ ਖ਼ਾਨ ਨੇ ਰਸ਼ੀਆ ਟੂਡੇ ਨੂੰ ਇੰਟਰਵਿਊ ਵਿੱਚ ਕਿਹਾ, 'ਮੈਂ ਨਰਿੰਦਰ ਮੋਦੀ ਨਾਲ ਟੀਵੀ @ਤੇ ਬਹਿਸ ਕਰਨਾ ਪਸੰਦ ਕਰਾਂਗਾ। ਜੇ ਬਹਿਸ ਰਾਹੀਂ ਮਤਭੇਦਾਂ ਨੂੰ ਹੱਲ ਕੀਤਾ ਜਾ ਸਕਦਾ ਹੈ ਤਾਂ ਇਹ ਉਪ ਮਹਾਦੀਪ ਦੇ ਅਰਬਾਂ ਲੋਕਾਂ ਲਈ ਫਾਇਦੇਮੰਦ ਹੋਵੇਗਾ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਹਮਲੇ ਦਾ ਮਕਸਦ ਯੂਕਰੇਨ 'ਤੇ ਕਬਜ਼ਾ ਕਰਨਾ ਨਹੀਂ-ਪੁਤਿਨ

ਮਾਸਕੋ-ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਵਿੱਚ ਵਿਸ਼ੇਸ਼ ਫੌਜੀ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੰਦਿਆਂ ਦੂਜੇ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਕਿ ਰੂਸੀ ਕਾਰਵਾਈ ਵਿੱਚ ਟੰਗ ਨਾ ਅੜਾਉਣ ਤੇ ਜੇ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕੀਤੀ ਤਾਂ ਇਸ ਦੇ ਅਜਿਹੇ ਨਤੀਜੇ ਹੋਣਗੇ ਜਿਹੜੇ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਦੇਖੇ ਹੋਣਗੇ। ਇਸ ਦੌਰਾਨ ਰੂਸੀ ਫ਼ੌਜਾਂ ਨੇ ਕਿਹਾ ਹੈ ਕਿ ਉਸ ਨੇ ਯੂਕਰੇਨ ਦੀ ਹਵਾਈ ਰੱਖਿਆ ਪ੍ਰਣਾਲੀ ਤੇ ਹਵਾਈ ਅੱਡੇ ਤਬਾਹ ਕਰ ਦਿੱਤੇ ਹਨ। ਪੁਤਿਨ ਨੇ ਕਿਹਾ ਕਿ ਇਹ ਕਰਵਾਈ ਨਾਗਰਿਕਾਂ ਦੀ ਸੁਰੱਖਿਆ ਲਈ ਜ਼ਰੂਰੀ। ਇਸ ਦੌਰਾਨ ਯੂਕਰੇਨ ਦੇ ਕਈ ਇਲਾਕਿਆਂ ਵਿਚ ਧਮਾਕਿਆਂ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਟੀਵੀ ਸੰਬੋਧਨ ਵਿੱਚ ਪੁਤਿਨ ਨੇ ਕਿਹਾ ਕਿ ਨਾਟੋ ਆਪਹੁਦਰੀਆਂ ਕਰਕੇ ਰੂਸੀ ਸੁਰੱਖਿਆ ਨੂੰ ਟਿੱਚ ਸਮਝ ਰਿਹਾ ਹੈ। ਯੂਕਰੇਨ ਵੱਲੋਂ ਰੂਸ ਨੂੰ ਖਤਰੇ ਕਾਰਨ ਇਹ ਕਾਰਵਾਈ ਕੀਤੀ ਜਾ ਰਹੀ ਹੈ। ਉਸ ਦਾ ਮਕਸਦ ਯੂਕਰੇਨ 'ਤੇ ਕਬਜ਼ਾ ਕਰਨਾ ਨਹੀਂ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਰੂਸੀ ਹਮਲਾ ਪਹਿਲਾਂ ਤੋਂ ਹੀ ਤੈਅ ਸੀ। ਰੂਸ ਵਿਰੁੱਧ ਹੋਰ ਪਾਬੰਦੀਆਂ ਦਾ ਐਲਾਨ ਕੀਤਾ ਜਾ ਸਕਦਾ ਹੈ। ਰੂਸ ਦੁਆਰਾ ਪੂਰੀ ਤਾਕਤ ਨਾਲ ਹਮਲੇ ਦੇ ਨਤੀਜੇ ਵਜੋਂ ਜਾਨ ਅਤੇ ਮਾਲ ਦਾ ਕਾਫ਼ੀ ਨੁਕਸਾਨ ਹੋ ਸਕਦਾ ਹੈ ਅਤੇ ਨਤੀਜੇ ਵਜੋਂ ਯੂਕਰੇਨ ਦੀ ਚੁਣੀ ਹੋਈ ਸਰਕਾਰ ਦਾ ਤਖਤਾ ਪਲਟ ਸਕਦਾ ਹੈ। ਇਸ ਦੇ ਸੰਘਰਸ਼ ਦੇ ਨਤੀਜੇ ਵਜੋਂ ਰੂਸ ਤੇ ਵਿਸ਼ਵਵਿਆਪੀ ਪਾਬੰਦੀਆਂ ਲੱਗ ਸਕਦੀਆਂ ਹਨ, ਜਿਸ ਨਾਲ ਯੂਰਪ ਨੂੰ ਊਰਜਾ ਸਮੱਗਰੀ ਦੀ ਸਪਲਾਈ ਤੇ ਅਸਰ ਪੈ ਸਕਦਾ ਹੈ ਅਤੇ ਵਿਸ਼ਵ ਵਿੱਤੀ ਬਾਜ਼ਾਰ ਤੇ ਵੀ ਗੰਭੀਰ ਪ੍ਰਭਾਵ ਪੈ ਸਕਦਾ ਹੈ।



IMAGE-AP

## ਯੂਕਰੇਨ ਦੇ ਰਾਸ਼ਟਰਪਤੀ ਵੱਲੋਂ ਮੁਲਕ ਵਿਚ ਐਮਰਜੈਂਸੀ ਦਾ ਐਲਾਨ

ਕੀਵ-ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਮੁਲਕ 'ਚ ਐਮਰਜੈਂਸੀ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਮੁਲਕ 'ਚ ਐਮਰਜੈਂਸੀ ਵੀਰਵਾਰ ਤੋਂ ਲਾਗੂ ਹੋਵੇਗੀ। ਇਸ ਤੋਂ ਪਹਿਲਾਂ ਚੋਟੀ ਦੇ ਸੁਰੱਖਿਆ ਅਧਿਕਾਰੀ ਓਲੈਕਸੀ ਡੈਨੀਲੋਵ ਨੇ ਕਿਹਾ ਸੀ ਕਿ ਦੋਨੇਤਸਕ ਅਤੇ ਲੁਹਾਂਸਕ ਨੂੰ ਛੱਡ ਕੇ ਪੂਰੇ ਮੁਲਕ 'ਚ ਐਮਰਜੈਂਸੀ ਲਗਾਈ ਜਾਵੇਗੀ। ਇਨ੍ਹਾਂ ਦੋਵੇਂ ਸੂਬਿਆਂ 'ਚ 2014 ਤੋਂ ਐਮਰਜੈਂਸੀ ਲਾਗੂ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ 30 ਦਿਨਾਂ ਤੱਕ ਲਾਗੂ ਰਹੇਗੀ ਅਤੇ ਇਸ ਨੂੰ 30 ਹੋਰ ਦਿਨਾਂ ਲਈ ਵਧਾਇਆ ਜਾ ਸਕਦਾ ਹੈ। ਰੂਸੀ ਸਮਰਥਕ ਵੱਖਵਾਦੀਆਂ ਨੇ ਦੋਨੇਤਸਕ ਅਤੇ ਲੁਹਾਂਸਕ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਰੂਸ ਨੇ ਪਿਛਲੇ ਦਿਨੀਂ ਦੋਹਾਂ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਦੇ ਦਿੱਤੀ ਸੀ। ਡੈਨੀਲੋਵ ਨੇ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਪਰਮਾਣੂ ਹਥਿਆਰ ਵਿਕਸਤ ਕਰਨ ਬਾਰੇ ਕੋਈ ਵਿਚਾਰ ਵਟਾਂਦਰਾ ਨਹੀਂ ਕੀਤਾ ਹੈ ਜਿਸ ਨੂੰ ਵਲਾਦੀਮੀਰ ਪੂਤਿਨ ਨੇ ਰੂਸ ਲਈ ਰਣਨੀਤਕ ਤੌਰ 'ਤੇ ਖ਼ਤਰਾ ਐਲਾਨਿਆ ਹੈ। ਉਧਰ ਯੂਕਰੇਨ ਫ਼ੌਜ ਨੇ ਦਾਅਵਾ ਕੀਤਾ ਹੈ ਕਿ ਰੂਸੀ ਸਮਰਥਕ ਵੱਖਵਾਦੀਆਂ ਵੱਲੋਂ ਪੂਰਬੀ ਯੂਕਰੇਨ 'ਚ ਕੀਤੀ ਗਈ ਗੋਲਾਬਾਰੀ 'ਚ ਇਕ ਜਵਾਨ ਹਲਾਕ ਅਤੇ ਛੇ ਹੋਰ ਜ਼ਖ਼ਮੀ ਹੋ ਗਏ।

## ਯੂਕਰੇਨ 'ਚ 400 ਭਾਰਤੀ ਮੈਡੀਕਲ ਵਿਦਿਆਰਥੀ ਹੋਸਟਲ ਦੇ ਤਹਿਖਾਨੇ 'ਚ ਲੁਕੇ, ਜਾਨ ਨੂੰ ਖ਼ਤਰੇ ਦੀ ਦਿੱਤੀ ਦੁਹਾਈ



ਵਾਸ਼ਿੰਗਟਨ-ਯੂਕਰੇਨ ਵਿੱਚ ਰੂਸ ਦੀ ਸਰਹੱਦ ਨਾਲ ਲੱਗਦੇ ਸੂਮੀ ਸ਼ਹਿਰ ਤੇ ਰੂਸੀ ਫ਼ੌਜਾਂ ਵੱਲੋਂ ਕਬਜ਼ਾ ਕਰਨ ਮਗਰੋਂ ਘੱਟੋ-ਘੱਟ 400 ਭਾਰਤੀ ਵਿਦਿਆਰਥੀਆਂ ਨੇ ਤਹਿਖਾਨੇ ਵਿੱਚ ਸ਼ਰਨ ਲਈ ਹੈ ਅਤੇ ਭਾਰਤ ਸਰਕਾਰ ਨੂੰ ਉਨ੍ਹਾਂ ਨੂੰ ਕੱਢਣ ਦੀ ਅਪੀਲ ਕੀਤੀ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੂਮੀ ਸਟੇਟ ਮੈਡੀਕਲ ਕਾਲਜ ਦੇ ਵਿਦਿਆਰਥੀ ਹਨ। ਉਨ੍ਹਾਂ ਕਿਹਾ ਕਿ ਉਹ ਆਪਣੀ ਸੁਰੱਖਿਆ ਬਾਰੇ ਚਿੰਤਤ ਸਨ ਕਿਉਂਕਿ ਬਾਹਰ ਗੋਲੀਆਂ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਵਿਦਿਆਰਥੀ ਲਲਿਤ ਕੁਮਾਰ ਨੇ ਦੱਸਿਆ, 'ਇਸ ਸਮੇਂ ਅਸੀਂ ਆਪਣੇ ਹੋਸਟਲ ਦੇ ਤਹਿਖਾਨੇ ਵਿੱਚ ਲੁਕੇ ਹੋਏ ਹਾਂ ਅਤੇ ਸਾਨੂੰ ਨਹੀਂ ਪਤਾ ਕਿ ਅਸੀਂ ਇੱਥੇ ਕਿੰਨਾ ਸਮਾਂ ਸੁਰੱਖਿਅਤ ਰਹਿ ਸਕਾਂਗੇ। ਅਸੀਂ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਸਾਨੂੰ ਯੂਕਰੇਨ ਦੇ ਪੂਰਬੀ ਖੇਤਰ ਤੋਂ ਸੁਰੱਖਿਅਤ ਬਾਹਰ ਕੱਢਿਆ ਜਾਵੇ। ਆਪਣੇ ਤੌਰ 'ਤੇ ਯਾਤਰਾ ਕਰਨਾ ਸੰਭਵ ਨਹੀਂ ਹੈ। ਇੱਥੇ ਮਾਰਸ਼ਲ ਲਾਅ ਲਾਗੂ ਹੈ, ਜਿਸ ਦਾ ਮਤਲਬ ਹੈ ਕਿ ਕੋਈ ਵੀ ਬਾਹਰ ਨਹੀਂ ਜਾ ਸਕਦਾ, ਕਾਰਾਂ, ਬੱਸਾਂ ਅਤੇ ਨਿੱਜੀ ਵਾਹਨ ਨਹੀਂ ਲੰਘ ਸਕਦੇ। ਏਟੀਐੱਮ ਅਤੇ ਸੁਪਰਮਾਰਕੀਟ ਵੀ ਬੰਦ ਹਨ। ਵਿਦਿਆਰਥੀਆਂ ਨੇ ਬੇਸਮੈਂਟ ਦੀ ਵੀਡੀਓ ਵੀ ਸਾਂਝੀ ਕੀਤੀ ਜਿੱਥੇ ਉਹ ਲੁਕੇ ਹੋਏ ਹਨ।

## ਯੂਕਰੇਨ 'ਚ ਫਸੇ ਪੰਜਾਬੀ ਵਿਦਿਆਰਥੀਆਂ ਦੇ ਮਾਪੇ ਚਿੰਤਤ

### ਜਲੰਧਰ ਦੇ ਤਿੰਨ ਮੈਡੀਕਲ ਵਿਦਿਆਰਥੀ ਫਸੇ

ਜਲੰਧਰ-ਰੂਸ ਤੇ ਯੂਕਰੇਨ ਵਿਚਾਲੇ ਵਧ ਰਹੀ ਤਲਖ਼ੀ ਨੇ ਪੰਜਾਬ ਤੋਂ ਯੂਕਰੇਨ ਪੜ੍ਹਾਈ ਕਰਨ ਗਏ ਵਿਦਿਆਰਥੀਆਂ ਦੇ ਮਾਪਿਆਂ ਦੀ ਚਿੰਤਾ ਵਧਾ ਦਿੱਤੀ ਹੈ। ਦੋਆਬੇ ਦੇ ਕਈ ਇਲਾਕਿਆਂ 'ਚੋਂ ਵਿਦਿਆਰਥੀ ਉਚੇਰੀ ਪੜ੍ਹਾਈ ਲਈ ਯੂਕਰੇਨ ਗਏ ਹੋਏ ਹਨ। ਜਲੰਧਰ ਦੇ ਬਿਧੀਪੁਰ ਦੇ ਰਹਿਣ ਵਾਲੇ ਡਾ. ਅਸ਼ਵਨੀ ਸ਼ਰਮਾ ਦਾ ਪੁੱਤਰ, ਭਤੀਜਾ ਅਤੇ ਭਤੀਜੀ ਐੱਮਬੀਬੀਐੱਸ ਕਰਨ ਯੂਕਰੇਨ ਗਏ ਹਨ। ਡਾ. ਸ਼ਰਮਾ ਨੇ ਦੱਸਿਆ ਕਿ ਜਦੋਂ ਤੋਂ ਹਾਲਾਤ ਵਿਗੜਨ ਦੀ ਖਬਰ ਸੁਣੀ ਹੈ, ਉਨ੍ਹਾਂ ਦੀ ਜਾਨ ਮੁੱਠੀ ਵਿੱਚ ਆਈ ਹੋਈ ਹੈ। ਡਾ. ਸ਼ਰਮਾ ਦਾ ਪੁੱਤਰ ਈਸ਼ਾਨ ਸ਼ਰਮਾ ਪਿਛਲੇ ਸਾਲ 11 ਦਸੰਬਰ ਨੂੰ ਯੂਕਰੇਨ ਗਿਆ ਸੀ। ਉਨ੍ਹਾਂ ਦੇ ਭਰਾ ਮੁਨੀਸ਼ ਸ਼ਰਮਾ ਦੀ ਧੀ ਵੰਸ਼ਿਕਾ ਵੀ ਯੂਕਰੇਨ ਗਈ ਹੋਈ ਹੈ। ਇਨ੍ਹਾਂ ਦੋਵਾਂ ਤੋਂ ਪਹਿਲਾਂ ਉਨ੍ਹਾਂ ਦੇ ਇਕ ਹੋਰ ਭਰਾ ਵਿਜੇ ਸ਼ਰਮਾ ਦਾ ਪੁੱਤਰ ਪ੍ਰਥਮ ਸ਼ਰਮਾ ਵੀ ਉਥੇ ਐੱਮਬੀਬੀਐੱਸ ਦੇ ਦੂਜੇ ਸਾਲ ਦੀ ਪੜ੍ਹਾਈ ਕਰ ਰਿਹਾ ਹੈ। ਬੱਚਿਆਂ ਨੇ ਮਾਪਿਆਂ ਨੂੰ ਦੱਸਿਆ ਹੈ ਕਿ ਅੱਜ ਵੀ ਉਨ੍ਹਾਂ ਦੀਆਂ ਆਨਲਾਈਨ ਕਲਾਸਾਂ ਲੱਗੀਆਂ ਹਨ ਤੇ ਕਾਲਜ ਵੱਲੋਂ ਇਹ ਭਰੋਸਾ ਦਿੱਤਾ ਗਿਆ ਹੈ ਕਿ ਜੇਕਰ ਉਹ ਆਪਣੇ ਦੇਸ਼ ਵਾਪਸ ਚਲੇ ਵੀ ਜਾਂਦੇ ਹਨ ਤਾਂ ਉਨ੍ਹਾਂ ਦੀ ਪੜ੍ਹਾਈ ਵਿੱਚ ਕੋਈ ਅੜਿੱਕਾ ਨਹੀਂ ਪੈਣ ਦਿੱਤਾ ਜਾਵੇਗਾ। ਉਨ੍ਹਾਂ ਦੀ ਵਾਪਸੀ ਲਈ ਟਿਕਟਾਂ ਬੁੱਕ ਕਰਵਾ ਦਿੱਤੀਆਂ ਗਈਆਂ ਹਨ। ਉਹ 25 ਫਰਵਰੀ ਨੂੰ ਯੂਕਰੇਨ ਤੋਂ ਚੱਲਣਗੇ ਤੇ 26 ਫਰਵਰੀ ਨੂੰ ਭਾਰਤ ਪਹੁੰਚਣਗੇ। ਯੂਕਰੇਨ 'ਚ ਰਹਿੰਦੇ ਈਸ਼ਾਨ ਦੀ ਮਾਤਾ ਡਾ. ਦਿਵਿਆਨੀ ਵੀ ਕੇਂਦਰੀ ਹਸਪਤਾਲ ਵਿੱਚ ਮੈਡੀਕਲ ਅਫ਼ਸਰ ਵਜੋਂ ਤਾਇਨਾਤ ਹੈ।


# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਟਰੂਡੋ ਵਲੋਂ ਰੂਸ ਖ਼ਿਲਾਫ਼ ਪਹਿਲੇ ਗੇੜ ਦੀਆਂ ਪਾਬੰਦੀਆਂ ਦਾ ਐਲਾਨ

ਸਫ਼ਾ 1 ਦੀ ਬਾਕੀ

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਨਵੇਂ ਮਾਨਤਾ ਪ੍ਰਾਪਤ ਖੇਤਰਾਂ ਵਿਚ ਸ਼ਾਂਤੀ ਬਣਾਈ ਰੱਖਣ ਦੇ ਆਧਾਰ 'ਤੇ ਸੈਨਿਕਾਂ ਨੂੰ ਭੇਜਣ ਦੇ ਹੁਕਮ 'ਤੇ ਦਸਤਖ਼ਤ ਕੀਤੇ ਹਨ। ਰੂਸ ਦੇ ਕਾਨੂੰਨਘਾੜਿਆਂ ਤੇ ਫੈਡਰੇਸ਼ਨ ਕੌਂਸਲ ਦੇ ਮੈਂਬਰਾਂ ਨੇ ਵੀ ਸਰਬਸੰਮਤੀ ਨਾਲ ਦੇਸ਼ ਤੋਂ ਬਾਹਰ ਫ਼ੌਜ ਦੀ ਵਰਤੋਂ ਲਈ ਪੁਤਿਨ ਨੂੰ ਇਜਾਜ਼ਤ ਦੇ ਦਿੱਤੀ ਹੈ। ਇਸ ਕਦਮ ਪਿੱਛੋਂ ਵਿਸ਼ਵ ਨੇਤਾਵਾਂ ਨੇ ਰੂਸ ਖਿਲਾਫ ਆਰਥਿਕ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਪੰਜ ਰੂਸੀ ਬੈਂਕਾਂ ਤੇ ਤਿੰਨ ਅਮੀਰ ਵਿਅਕਤੀਆਂ 'ਤੇ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਜਿਨ੍ਹਾਂ ਦੇ ਪੁਤਿਨ ਨਾਲ ਨੇੜਲੇ ਸਬੰਧ ਹਨ। ਜਰਮਨੀ ਨੌਰਡ ਸਟਰੀਮ 2 ਬਾਲਟਿਕ ਸਮੁੰਦਰੀ ਗੈਸ ਪਾਈਪ ਲਾਈਨ ਪ੍ਰਾਜੈਕਟ ਦੇ ਪ੍ਰਮਾਣੀਕਰਨ ਨੂੰ ਫ੍ਰੀਜ਼ ਕਰੇਗਾ।




ਅਮਰੀਕਾ ਰੂਸ ਦੀਆਂ ਦੋ ਵਿੱਤੀ ਸੰਸਥਾਵਾਂ ਰੂਸ ਦੀ ਸਟੇਟ ਡਿਵੈਲਪਮੈਂਟ ਕਾਰਪੋਰੇਸ਼ਨ ਅਤੇ ਇਸ ਦੇ ਸੈਨਿਕ ਬੈਂਕ ਤੇ ਰੂਸੀ ਪ੍ਰਭੂਸਤਾ ਕਰਜ਼ੇ ਨੂੰ ਨਿਸ਼ਾਨਾ ਬਣਾਵੇਗਾ।

**ਸੰਕਟ ਦੇ ਤਾਜ਼ਾ ਘਟਨਾਕ੍ਰਮ ਤੋਂ ਯੂਕਰੇਨੀ-ਕੈਨੇਡੀਅਨ ਗੁੱਸੇ 'ਚ**

ਓਟਵਾ-ਸੋਮਵਾਰ ਰਾਤ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਲੋਂ ਪੂਰਬੀ ਯੂਕਰੇਨ ਵਿਚ ਵੱਖ ਹੋਏ ਦੋ ਰੂਸ ਪੱਖੀ ਖੇਤਰਾਂ ਨੂੰ ਸੁਤੰਤਰ ਖੇਤਰਾਂ ਵਜੋਂ ਮਾਨਤਾ ਦੇਣ ਅਤੇ ਉਥੇ ਸ਼ਾਤੀ ਮਿਸ਼ਨਾਂ ਲਈ ਫ਼ੌਜ ਭੇਜਣ ਦੇ ਹੁਕਮ 'ਤੇ ਦਸਤਖਤ ਕਰਨ ਪਿੱਛੋਂ ਇਸ ਫ਼ੈਸਲੇ ਦੀ ਅੰਤਰਰਾਸ਼ਟਰੀ ਪੱਧਰ 'ਤੇ ਨਿੰਦਾ ਹੋਈ ਹੈ। ਯੂਕਰੇਨ ਦੇ ਦੋ ਕਮਿਊਨਿਟੀ ਨੇਤਾਵਾਂ ਮੁਤਾਬਿਕ ਯੂਕਰੇਨੀ-ਕੈਨੇਡੀਅਨ ਯੂਕਰੇਨ ਤੇ ਰੂਸ ਦੀ ਸਰਹੱਦ 'ਤੇ ਤਾਜ਼ਾ ਵਾਪਰ ਰਹੀਆਂ ਘਟਨਾਵਾਂ 'ਤੇ ਬਹੁਤ ਜ਼ਿਆਦਾ ਗੁੱਸੇ ਵਿਚ ਹਨ। ਯੂਕਰੇਨੀ ਯੂਥ ਐਸੋਸੀਏਸ਼ਨ ਆਫ ਕੈਨੇਡਾ ਦੇ ਪ੍ਰਧਾਨ ਯੂਰੀ ਐਸ ਬਰੋਡਾ ਨੇ ਕਿਹਾ ਕਿ ਕੈਨੇਡਾ ਵਿਚ ਰਹਿੰਦੇ ਯੂਕਰੇਨੀ ਰੂਸ ਤੇ ਪੁਤਿਨ ਪ੍ਰਸ਼ਾਸਨ ਨਾਲ ਗੁੱਸੇ ਵਿਚ ਹਨ। ਸਟੈਂਡ ਵਿਧ ਯੂਕਰੇਨ ਕਮੇਟੀ ਦੇ ਚੇਅਰ ਮਾਰਕ ਸ਼ਵੇਕ ਦੇ ਵੀ ਬਰੋਡਾ ਵਰਗੇ ਵਿਚਾਰ ਹਨ।




# ਪੀਪਲਜ਼ ਪਾਰਟੀ ਨੇਤਾ ਮੈਕਸਿਮ ਬੇਰਨੀਰ ਕੋਵਿਡ-19 ਦੋਸ਼ਾਂ ਦਾ ਇਕਬਾਲ ਨਹੀਂ ਕਰੇਗਾ-ਵਕੀਲ

ਕੈਨਬਰਾ-ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਨੇਤਾ ਮੈਕਸਿਮ ਬੇਰਨੀਰ ਦੇ ਵਕੀਲ ਨੇ ਕਿਹਾ ਕਿ ਬੇਰਨੀਰ ਕੋਵਿਡ-19 ਪਾਬੰਦੀਆਂ ਦੀ ਉਲੰਘਣਾ ਲਈ ਦੋਸ਼ਾਂ ਨੂੰ ਸਵੀਕਾਰ ਨਹੀਂ ਕਰੇਗਾ। ਪਿਛਲੇ ਸਾਲ ਜੂਨ ਵਿਚ ਬੇਰਨੀਰ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਜਨਤਕ ਇਕੱਠ ਸੀਮਾਵਾਂ ਦੀ ਉਲੰਘਣਾ ਕਰਨ ਅਤੇ ਸੂਬੇ ਵਿਚ ਦਾਖਲ ਹੋਣ 'ਤੇ ਸਵੈ-ਇਕਾਂਤਵਾਸ ਹੋਣ ਦੀ ਸ਼ਰਤ ਦੀ ਉਲੰਘਣਾ ਦਾ ਦੋਸ਼ ਲਗਾਇਆ ਗਿਆ ਸੀ। ਉਸ ਦੇ ਵਕੀਲ ਅਲੈਕਸ ਸਟੇਗਰਵਾਲਡ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਤੇ ਕਰਾਊਨ ਅਟਾਰਨੀ ਭਵਿੱਖ ਵਿਚ ਟਰਾਇਲ ਤਰੀਕਾਂ ਲਈ ਕੰਮ ਕਰ ਰਹੇ ਹਨ ਪਰ ਅਜੇ ਤਕ ਕੋਈ ਤਾਰੀਕ ਤਹਿ ਨਹੀਂ ਕੀਤੀ ਗਈ। ਮਾਮਲੇ ਸੇਟਂ ਪੀਅਰੇ -ਜੌਲਿਸ ਤੋਂ ਵਿਨੀਪੈਗ ਨੂੰ ਤਬਦੀਲ ਕੀਤਾ ਜਾ ਰਿਹਾ ਹੈ ਕਿਉਂਕਿ ਸੂਬੇ ਦੇ ਰਾਜਧਾਨੀ ਵਿਚ ਅਦਾਲਤੀ ਕਮਰੇ ਵੱਡੇ ਹਨ ਅਤੇ ਜ਼ਿਆਦਾ ਤਾਰੀਕਾਂ ਉਪਲਬਧ ਹਨ। ਬੇਰਨੀਰ ਮਨੀਟੋਬਾ ਵਿਚ ਤਿੰਨ ਦਿਨਾਂ ਦੌਰਾ ਸ਼ੁਰੂ ਕਰ ਰਿਹਾ ਸੀ ਅਤੇ ਵਿਨੀਪੈਗ ਦੇ ਦੱਖਣ ਵਿਚ ਪੋਂਛੂ ਲੋਕਾਂ ਦੀਆਂ ਰੈਲੀਆਂ ਪਿੱਛੋਂ ਰੋਕ ਲਿਆ ਸੀ। ਪੀਪਲਜ਼ ਪਾਰਟੀ ਦੇ ਬੁਲਾਰੇ ਨੇ ਗ੍ਰਿਫ਼ਤਾਰੀ ਨੂੰ ਸਿਆਸੀ ਦਮਨ ਆਖਿਆ ਹੈ।






# ਵੈਨਕੂਵਰ ਵਿਚਾਰ ਮੰਚ ਨੇ ਮਨਾਇਆ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਇਸ ਮੌਕੇ ਬੋਲਦਿਆਂ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਮਾਤ ਭਾਸ਼ਾ ਦਿਵਸ ਦੀ ਮਹੱਤਤਾ ਅਤੇ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਤ ਭਾਸ਼ਾ ਦਿਵਸ ਦਾ ਮੁੱਢ 21 ਫਰਵਰੀ 1952 ਨੂੰ ਉਸ ਸਮੇਂ ਬੱਝਿਆ ਸੀ ਜਦੋਂ ਢਾਕਾ ਵਿਖੇ ਬੰਗਲਾ ਭਾਸ਼ਾ ਦੇ ਲੋਕ ਆਪਣੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ ਅਤੇ ਪੁਲੀਸ ਵੱਲੋਂ ਉਨ੍ਹਾਂ ਉਪਰ ਫਾਇਰਿੰਗ ਕੀਤੀ ਗਈ ਜਿਸ ਨਾਲ ਕਈ ਲੋਕ ਮਾਰੇ ਗਏ ਸਨ। ਉਸ ਤੋਂ ਬਾਅਦ 1998 ਵਿਚ ਵੈਨਕੂਵਰ ਦੇ ਵਸਨੀਕ ਇੱਕ ਬੰਗਾਲੀ ਵਿਅਕਤੀ ਵੱਲੋਂ ਮਨੁੱਖਤਾ ਦੇ ਸਭਿਆਚਾਰਕ ਵਿਰਸੇ ਨੂੰ ਬਚਾਉਣ ਲਈ ਉੱਦਮ ਕਰ ਰਹੀ ਸੰਸਥਾ ਯੂਨੈਸਕੋ ਨੂੰ ਇਸ ਸੰਬੰਧ ਵਿਚ ਇਕ ਪੱਤਰ ਲਿਖ ਕੇ ਮੰਗ ਕੀਤੀ ਗਈ ਕਿ ਮਾਤ ਭਾਸ਼ਾ ਨੂੰ ਪੂਰੀ ਦੁਨੀਆਂ ਵਿੱਚ ਮਨਾਇਆ ਜਾਣਾ ਚਾਹੀਦਾ ਹੈ। ਯੂਨੈਸਕੋ ਨੇ ਇਸ ਉਪਰ ਕਾਰਵਾਈ ਕਰਦਿਆਂ 1999 ਵਿੱਚ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਮਾਨਤਾ ਦਿੱਤੀ ਅਤੇ ਯੂਨੈਸਕੋ ਨੇ 2000 ਤੋਂ ਹਰ ਸਾਲ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣਾ ਸ਼ੁਰੂ ਕਰ ਦਿੱਤਾ ਤੇ 2008 ਵਿੱਚ ਇਸ ਨੂੰ ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਕਰਾਰ ਦਿੱਤਾ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਅਸੀਂ ਬੰਗਾਲੀਆਂ ਵਾਂਗ ਪੰਜਾਬੀ ਭਾਸ਼ਾ ਲਈ ?ਨਾ ਕੰਮ ਨਹੀਂ ਕਰ ਸਕੇ ਜਿਸ ਦੇ ਨਤੀਜੇ



ਵਜੋਂ ਪੰਜਾਬੀ ਨੂੰ ਕਾਫੀ ਖੋਰਾ ਲੱਗਿਆ ਹੈ। ਬਹੁਤ ਸਾਰੀਆਂ ਤਾਕਤਾਂ ਵੀ ਪੰਜਾਬੀ ਨੂੰ ਖੋਰਾ ਲਾਉਣ ਦੇ ਲਈ ਜ਼ਿੰਮੇਵਾਰ ਹਨ, ਉਨ੍ਹਾਂ ਪੰਜਾਬੀਆਂ ਵਿਚ ਫੁੱਟ ਪਾ ਕੇ ਪੰਜਾਬੀ ਭਾਸ਼ਾ ਦਾ ਨੁਕਸਾਨ ਕੀਤਾ ਹੈ। ਅਜੇ ਵੀ ਵੇਲਾ ਹੈ ਕਿ ਸਮੂਹ ਪੰਜਾਬੀ ਆਪਣੀ ਮਾਂ ਬੋਲੀ ਦੀ ਮਹੱਤਤਾ ਸਮਝਣ ਅਤੇ ਇਕਮੁੱਠ ਹੋ ਕੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਪੋ ਆਪਣੇ ਪੱਧਰ ਤੇ ਕਾਰਜਸ਼ੀਲ ਹੋਣ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਚਿੱਤਰਕਾਰ ਨੇ ਕਿਹਾ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਣਾ ਚਾਹੀਦਾ ਹੈ ਅਤੇ ਸਾਇੰਸ ਤੇ ਤਕਨੀਕੀ ਵਿਦਿਆ ਦਾ ਮਾਧਿਅਮ ਵੀ ਪੰਜਾਬੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਦੁਖਾਂਤ ਹੈ ਕਿ ਅਸੀਂ ਅੰਗਰੇਜ਼ੀ ਦੀ ਰੱਟ ਲਾਈ ਹੋਈ ਹੈ। ਸਾਡੇ ਮਨਾਂ ਵਿਚ ਇਹ ਇਕ ਭਰਮ ਪੈਦਾ ਕਰ ਦਿੱਤਾ ਗਿਆ ਹੈ ਕਿ ਅੰਗਰੇਜ਼ੀ ਪੜ੍ਹ ਕੇ ਹੀ ਸਾਡੇ ਬੱਚੇ ਵੱਡੇ ਅਫ਼ਸਰ, ਡਾਕਟਰ, ਇੰਜਨੀਅਰ ਬਣ ਸਕਦੇ ਹਨ ਜਾਂ ਉੱਚ ਅਹੁਦੇ ਹਾਸਲ ਕਰ ਸਕਦੇ ਹਨ। ਸ਼ਾਇਰ ਹਰਦਮ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਜਾਪਾਨ, ਜਰਮਨੀ ਜਾਂ ਹੋਰ ਕਈ ਦੇਸ਼ਾਂ ਕਰ ਦਿਖਾਇਆ ਹੈ ਕਿ ਅੰਗਰੇਜ਼ੀ ਤੋਂ ਬਿਨਾਂ ਵੀ ਹਰੇਕ ਖੇਤਰ ਵਿਚ ਤਰੱਕੀ ਕੀਤੀ ਜਾ ਸਕਦੀ ਹੈ ਤਾਂ ਪੰਜਾਬੀ ਅਜਿਹਾ ਕਿਉਂ ਨਹੀਂ ਕਰ ਸਕਦੇ ? ਸਾਨੂੰ ਆਪਣੇ ਦਿਮਾਗ ਵਿੱਚੋਂ ਅੰਗਰੇਜ਼ੀ ਦਾ ਜਾਲਾ ਸਾਫ ਕਰ ਦੇਣਾ ਚਾਹੀਦਾ ਹੈ। ਅੰਗਰੇਜ਼ ਬਰਾੜ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਪੰਜਾਬੀ ਹੁਣ ਵਿਦੇਸ਼ਾਂ ਵਿੱਚ ਵੀ ਵਧ ਫੁੱਲ ਰਹੀ ਹੈ ਤੇ ਖਾਸ ਕਰਕੇ ਕੈਨੇਡਾ ਵਿਚ ਇਸ ਨੇ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਆਉਂਦੇ ਸਮਿਆਂ ਵਿੱਚ ਪੰਜਾਬ ਤੋਂ ਬਾਹਰ ਕੈਨੇਡਾ ਇਕ ਅਜਿਹਾ ਦੇਸ਼ ਹੋਵੇਗਾ ਜਿੱਥੇ ਪੰਜਾਬੀ ਹੋਰ ਵੀ ਵਧੇ ਫੁੱਲੇਗੀ। ਇਸ ਮੌਕੇ ਮੰਚ ਵੱਲੋਂ ਪੰਜਾਬ ਦੇ ਕਿਸਾਨੀ ਸੰਘਰਸ਼ ਨਾਲ ਸਬੰਧਤ ਮੋਹਨ ਗਿੱਲ ਦੀ ਪੁਸਤਕ "ਇਕ ਹੋਰ ਮਹਾਂਭਾਰਤ" ਰਿਲੀਜ਼ ਕੀਤੀ ਗਈ।

## ਫੈਮਿਲੀ ਡੇਅ ਵੀਕਐਂਡ 'ਤੇ ਬੀਸੀ ਵਿਚ ਕੋਵਿਡ-19 ਨਾਲ ਰਿਕਾਰਡ 44 ਮੌਤਾਂ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਫੈਮਿਲੀ ਡੇਅ ਵੀਕਐਂਡ 'ਤੇ ਕੋਵਿਡ-19 ਨਾਲ ਰਿਕਾਰਡ 44 ਮੌਤਾਂ ਹੋਈਆਂ ਹਨ , ਉਂਜ ਬੀਸੀ ਵਿਚ 688 ਵਿਅਕਤੀਆਂ ਦੇ ਹਸਪਤਾਲ ਵਿਚ ਦਾਖਲ ਹੋਣ ਨਾਲ ਕੋਵਿਡ-19 ਕਾਰਨ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਘਟੀ ਹੈ ਜਿਨ੍ਹਾਂ ਵਿਚ 108 ਮਰੀਜ਼ ਆਈਸੀਯੂ ਵਿਚ ਹਨ। ਬੀਸੀ ਵਿਚ ਤਾਜ਼ਾ 44 ਮੌਤਾਂ ਨਾਲ ਸੂਬੇ ਵਿਚ ਕੋਵਿਡ ਨਾਲ ਮਰਨ ਵਾਲੇ ਵਿਅਕਤੀਆਂ ਦੀ ਕੁਲ ਗਿਣਤੀ 2830 ਹੋ ਗਈ ਹੈ। 17 ਮੌਤਾਂ ਵੈਨਕੂਵਰ ਕੋਸਟਲ ਹੈਲਥ, 11 ਫਰੇਜ਼ਰ ਹੈਲਥ, 7 ਇਨਟੀਰੀਅਰ ਹੈਲਥ, ਪੰਜ ਆਈਲੈਂਡ ਹੈਲਥ ਅਤੇ ਚਾਰ ਮੌਤਾਂ ਨੌਰਦਰਨ ਹੈਲਥ ਵਿਚ ਹੋਈਆਂ ਹਨ। ਇਸ ਸਮੇਂ ਦੌਰਾਨ 2103 ਕੋਵਿਡ-19 ਦੇ ਨਵੇਂ ਮਾਮਲੇ ਦਰਜ ਕੀਤੇ ਗਏ। ਬੀਸੀ ਵਿਚ ਟੈਸਟਿੰਗ ਸੀਮਤ ਰਹੀ ਜਿਸ ਕਾਰਨ ਲਾਗ ਦੇ ਮਾਮਲਿਆਂ ਦੀ ਅਸਲ ਗਿਣਤੀ ਨਾਲੋਂ ਮਾਮਲੇ ਘੱਟ ਦਰਜ ਹੋਣ ਦੀ ਸੰਭਾਵਨਾ ਹੈ। ਸੂਬੇ ਨੇ ਦੱਸਿਆ ਕਿ 11-17 ਫਰਵਰੀ ਤਕ ਦਰਜ 4945 ਮਾਮਲਿਆਂ ਵਿਚੋਂ 78.6 ਮਰੀਜ਼ ਉਹ ਸਨ ਜਿਨ੍ਹਾਂ ਦਾ ਮੁਕੰਮਲ ਟੀਕਾਕਰਣ ਹੋਇਆ ਸੀ ਜਦਕਿ ਟੀਕਾਰਹਿਤ ਮਰੀਜ਼ ਸਿਰਫ 18 ਫ਼ੀਸਦੀ ਅਤੇ ਅੰਸ਼ਕ ਟੀਕਾਕਰਣ ਵਾਲੇ 3.4 ਫ਼ੀਸਦੀ ਸਨ।

## ਪ੍ਰਦਰਸ਼ਨ ਵਾਲੀ ਥਾਂ ਡਾਊਨਟਾਊਨ ਤੋਂ ਟਰੱਕ ਹਟਾਉਣ ਲਈ ਵਿਨੀਪੈਗ ਪੁਲਿਸ ਨੇ ਪ੍ਰਦਰਸ਼ਕਾਰੀਆਂ ਨੂੰ ਭੇਜਿਆ ਪੱਤਰ

ਵਿਨੀਪੈਗ-ਵਿਨੀਪੈਗ ਪੁਲਿਸ ਮੰਗ ਕਰ ਰਹੀ ਹੈ ਕਿ ਬਾਕੀ ਰਹਿੰਦੇ ਮੁਜ਼ਾਹਰਾਕਾਰੀ ਵਿਨੀਪੈਗ ਦੇ ਡਾਊਨਟਾਊਨ ਵਿਚ ਖੜੇ ਕੀਤੇ ਟਰੱਕ ਹਟਾ ਲੈਣ। ਪੁਲਿਸ ਨੇ ਮੁਜ਼ਾਹਰਾਕਾਰੀਆਂ ਨੂੰ ਇਕ ਪੱਤਰ ਭੇਜ ਕੇ ਕਿਹਾ ਕਿ ਉਨ੍ਹਾਂ ਨੂੰ ਬੁੱਧਵਾਰ ਸ਼ਾਮ 5 ਵਜੇ ਤਕ ਆਪਣੀਆਂ ਮੋਟਰ ਗੱਡੀਆਂ ਤੇ ਢਾਂਚੇ ਹਟਾਉਣ ਦੀ ਲੋੜ ਹੈ। ਜੇਕਰ ਉਹ ਅਜਿਹਾ ਕਰਨ ਵਿਚ ਨਾਕਾਮ ਰਹੇ ਤਾਂ ਗ੍ਰਿਫ਼ਤਾਰੀ ਤੇ ਦੋਸ਼ ਲਾਗੂ ਕਰਨ ਸਮੇਤ ਪੁਲਿਸ ਕਾਰਵਾਈ ਕੀਤੀ ਜਾਵੇਗੀ। ਟੀਕਾ ਆਦੇਸ਼ਾਂ ਅਤੇ ਦੂਸਰੀਆਂ ਮਹਾਂਮਾਰੀ ਪਾਬੰਦੀਆਂ ਖਿਲਾਫ ਪ੍ਰਦਰਸ਼ਨ ਵਜੋਂ 4 ਫਰਵਰੀ ਤੋਂ ਮਨੀਟੋਬਾ ਲੈਜਿਸਲੇਟਿਵ ਕੋਲ ਟਰੱਕ, ਟਰੈਕਟਰਸ ਅਤੇ ਦੂਸਰੀਆਂ ਮੋਟਰ ਗੱਡੀਆਂ ਖੜੀਆਂ ਕੀਤੀਆਂ ਹੋਈਆਂ ਹਨ। ਪੁਲਿਸ ਨੇ ਪੱਤਰ ਵਿਚ ਅੱਗੇ ਲਿਖਿਆ ਕਿ ਪਿਛਲੇ ਤਿੰਨ ਹਫ਼ਤੇ ਵਿਨੀਪੈਗ ਪੁਲਿਸ ਸਰਵਿਸ ਨੇ ਪ੍ਰਦਰਸ਼ਨ ਸਰਗਰਮੀ ਤੋਂ ਪ੍ਰਭਾਵਤ ਲੋਕਾਂ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਤੁਹਾਡੇ ਪ੍ਰਦਰਸ਼ਨ ਕਰਨ ਦੇ ਅਧਿਕਾਰ ਨੂੰ ਸੰਤੁਲਿਤ ਰੱਖਣ ਦਾ ਕੰਮ ਕੀਤਾ ਹੈ। ਤੁਹਾਡੀ ਲਗਾਤਾਰ ਮੌਜੂਦਗੀ ਅਤੇ ਸੜਕਾਂ ਬੰਦ ਕੀਤੇ ਜਾਣ ਨਾਲ ਨਿੱਜੀ ਤੇ ਸਰਕਾਰੀ ਪ੍ਰਾਪਰਟੀ ਦੀ ਕਾਨੂੰਨੀ ਵਰਤੋਂ ਤੇ ਅਨੰਦ ਮਾਨਣ ਵਿਚ ਦਖਲਅੰਦਾਜ਼ੀ ਹੋ ਰਹੀ ਹੈ। ਵਿਰੋਧ ਪ੍ਰਦਰਸ਼ਨ ਜਿਹੜਾ ਮਨੀਟੋਬਾ ਲੈਜਿਸਲੇਚਰ ਸਾਹਮਣੇ ਮੋਟਰ ਗੱਡੀਆਂ ਖੜੀਆਂ ਕਰਕੇ ਸ਼ੁਰੂ ਕੀਤਾ ਗਿਆ ਸੀ ਪਿਛਲੇ ਵੀਕਐਂਡ 'ਤੇ ਮੈਮੋਰੀਅਲ ਪਾਰਕ ਚਲਾ ਗਿਆ ਹੈ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸਨਿੱਚਰਵਾਰ, 26 ਫਰਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ ਬਹੁਪੱਖੀ ਲੇਖਿਕਾ ਇੰਦਰਜੀਤ ਕੌਰ ਸਿੱਧੂ ਦੇ ਨਾਮ ਰਹੀ




ਸਰੀ-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਮੀਟਿੰਗ ਕੇਨੈਡਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਸਮਰਪਿਤ ਰਹੀ। ਮੀਟਿੰਗ ਦੇ ਆਗਾਜ਼ ਵਿਚ ਮਹਾਨ ਗਾਇਕਾ ਲਤਾ ਮੰਗੇਸ਼ਕਰ, ਗੀਤਕਾਰ ਦੇਵ ਥਰੀਕੇ ਵਾਲਾ, ਜਸਟਿਸ ਅਜੀਤ ਸਿੰਘ ਬੈਂਸ, ਉੱਘੇ ਖਿਡਾਰੀ ਪਰਵੀਨ ਕੁਮਾਰ ਨੂੰ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਪ੍ਰਸਿੱਧ ਬਹੁਪੱਖੀ ਲੇਖਿਕਾ ਇੰਦਰਜੀਤ ਕੌਰ ਸਿੱਧੂ ਤੇ ਕੇਂਦਰਿਤ ਰਹੀ। ਇੰਦਰਜੀਤ ਕੌਰ ਸਿੱਧੂ ਨੇ ਆਪਣੀਆਂ ਨਵੀਆਂ ਪ੍ਰਕਾਸ਼ਿਤ ਹੋਈਆਂ 5 ਪੁਸਤਕਾਂ (ਜਥੈ ਬਾਣ ਲਾਗਿਯੋ, ਪ੍ਰੀਭਾਸ਼ਾ, ਜਿਨ ਪੇ ਤਕੀਆ ਥਾ, ਤੇ ਕਲਮ ਲਿਖਦੀ ਰਹੀ, ਟਿੰਮੀ) ਬਾਰੇ ਜਾਣਕਾਰੀ ਦਿੱਤੀ ਅਤੇ ਸਭਨਾਂ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਇਨ੍ਹਾਂ ਪੁਸਤਕਾਂ ਲਈ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੀ ਸਿਹਤਮੰਦ ਲੰਮੀ ਜ਼ਿੰਦਗੀ ਦੀ ਕਾਮਨਾ ਕੀਤੀ ਗਈ। ਪ੍ਰਸਿੱਧ ਸਾਹਿਤਕਾਰ ਰਵਿੰਦਰ ਰਵੀ ਨੇ ਕੇਨੈਡਾ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਅਤੇ ਬੀ ਸੀ। ਵਿਚ ਸਰਗਰਮ ਰਹੇ ਪੰਜਾਬੀ ਸਾਹਿਤਕਾਰਾਂ ਬਾਰੇ ਅਹਿਮ ਜਾਣਕਾਰੀ ਦਿੱਤੀ। ਉਨ੍ਹਾਂ ਪ੍ਰਸਿੱਧ ਸਾਹਿਤਕਾਰ ਇੰਦਰਜੀਤ ਕੌਰ ਸਿੱਧੂ ਦੇ ਸਾਹਿਤਕ ਸਫ਼ਰ ਬਾਰੇ ਵਿਸਥਾਰ ਸਹਿਤ ਵਿਚਾਰ ਪ੍ਰਗਟ ਕੀਤੇ। ਸਭਾ ਦੇ ਸਾਬਕਾ ਖ਼ਜਾਨਚੀ ਸੁੱਚਾ ਸਿੰਘ ਕਲੇਰ ਨੇ ਵੀ ਇੰਦਰਜੀਤ ਕੌਰ ਸਿੱਧੂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਹਰਦਮ ਮਾਨ ਵੱਲੋਂ ਪ੍ਰਸਿੱਧ ਉਸਤਾਦ ਗ਼ਜ਼ਲਗੋ ਦੀਪਕ ਜੈਤੋਈ ਦੀ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਪੰਜਾਬੀ ਗ਼ਜ਼ਲ ਦੀ ਸਥਾਪਤੀ ਲਈ ਕੀਤੇ ਸ਼ਲਾਘਾਯੋਗ ਅਤੇ ਉਸਤਾਦੀ ਕਾਰਜਾਂ ਬਾਰੇ ਦੱਸਿਆ ਅਤੇ ਉਨ੍ਹਾਂ ਦੇ ਸਾਦਾ ਜੀਵਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ "ਆਹ ਲੈ ਮਾਏ ਸਾਂਭ ਕੁੰਜੀਆਂ" ਵਰਗੇ ਗੀਤਾਂ ਦੇ ਰਚਨਹਾਰੇ ਦੀਪਕ ਜੈਤੋਈ ਨੇ ਅਜਿਹੇ ਗੀਤ ਪੰਜਾਬੀ ਜਗਤ ਨੂੰ ਦਿੱਤੇ ਜੋ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਗਏ। ਅਖੀਰ ਵਿਚ ਹੋਏ ਕਵੀ ਦਰਬਾਰ ਵਿਚ ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਸਿੰਘ ਰੰਧਾਵਾ, ਰੁਪਿੰਦਰ ਰੂਪੀ, ਦਰਸ਼ਨ ਸੰਘਾ, ਇੰਦਰਪਾਲ ਸਿੰਘ ਸੰਧੂ, ਹਰਸ਼ਰਨ ਕੌਰ, ਅਮਰੀਕ ਪਲਾਹੀ, ਬਿੱਕਰ ਸਿੰਘ ਖੋਸਾ, ਹਰਚੰਦ ਬਾਗੜੀ, ਸੁਰਿੰਦਰ ਪਾਲ ਕੌਰ ਬਰਾੜ, ਸੁੱਖੀ ਸਿੱਧੂ ਅਤੇ ਨਰਿੰਦਰ ਬਾਹੀਆ ਨੇ ਕਾਵਿਕ ਰਚਨਾਵਾਂ ਪੇਸ਼ ਕੀਤੀਆਂ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਖਦੀਪ ਗਿੱਲ, ਰਣਧੀਰ ਢਿੱਲੋਂ ਅਤੇ ਸ਼ਾਹਗੀਰ ਗਿੱਲ ਵੀ ਸ਼ਾਮਿਲ ਹੋਏ। ਮੀਟਿੰਗ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ ਅਤੇ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭਨਾਂ ਦਾ ਧੰਨਵਾਦ ਕੀਤਾ।

**Offering Services For All Your Business and Real Estate Needs**
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**


**$4,488,000**
Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**


Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਕਿਸਾਨਾਂ ਲਈ ਹੜ੍ਹ ਰਿਕਵਰੀ ਸਹਾਇਤਾ

## ਬੀਸੀ ਅਤੇ ਸੰਘੀ ਸਰਕਾਰਾਂ ਨਵੰਬਰ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਦੀ ਮਦਦ ਕਰ ਰਹੀਆਂ ਹਨ।

ਕਿਸਾਨਾਂ ਦੀ ਫੀਡਬੈਕ ਦੇ ਆਧਾਰ 'ਤੇ, ਨਵਾਂ ਕੈਨੇਡਾ ਬੀਸੀ ਫਲੱਡ ਰਿਕਵਰੀ ਪ੍ਰੋਗਰਾਮ ਫੌਰ ਫੂਡ ਸਕਿਓਰਿਟੀ, ਗੈਰ-ਬੀਮਾਯੋਗ ਅਸਾਧਾਰਨ ਨੁਕਸਾਨਾਂ ਵਾਲੇ ਕਿਸਾਨਾਂ ਦੀ ਮਦਦ ਕਰਨ ਲਈ $228 ਮਿਲੀਅਨ ਫੰਡ ਮੁਹੱਈਆ ਕਰਦਾ ਹੈ। ਉਤਪਾਦਕਾਂ ਨੂੰ ਉਨ੍ਹਾਂ ਦੁਆਰਾ ਫਾਰਮ 'ਤੇ ਅਨੁਭਵ ਕੀਤੇ ਗਏ ਨੁਕਸਾਨ ਦੇ ਆਧਾਰ 'ਤੇ ਅਸਾਧਾਰਨ ਖਰਚਿਆਂ ਲਈ ਵਿਅਕਤੀਗਤ ਵਿੱਤੀ ਸਹਾਇਤਾ ਪ੍ਰਾਪਤ ਹੋਵੇਗੀ, ਜਿਸ ਵਿੱਚ ਸ਼ਾਮਲ ਹਨ:

- ਜ਼ਮੀਨ, ਇਮਾਰਤਾਂ, ਪਾਣੀ, ਅਤੇ ਰਹਿੰਦ-ਖੂੰਹਦ ਪ੍ਰਣਾਲੀਆਂ ਦੀ ਸਫ਼ਾਈ, ਮੁਰੰਮਤ ਅਤੇ ਬਹਾਲੀ।
- ਫਾਰਮ ਦੇ ਜ਼ਰੂਰੀ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਆਰਜ਼ੀ ਉਤਪਾਦਨ ਸੁਵਿਧਾਵਾਂ ਦੇ ਕਿਰਾਏ।
- ਪਸ਼ੂ ਕਲਿਆਣ ਜਿਸ ਵਿੱਚ ਏਵਜ਼ੀ ਫੀਡ, ਆਵਾਜਾਈ, ਵੈਟਰਨਰੀ ਦੇਖਭਾਲ ਅਤੇ ਮਰੇ ਹੋਏ ਜਾਨਵਰਾਂ ਦਾ ਨਿਪਟਾਰਾ ਸ਼ਾਮਲ ਹਨ।
- ਮੁੜ ਵਿਕਰੀ ਲਈ ਨਾ ਉਗਾਏ ਗਏ ਪਾਇਨੀਅਰ ਪੌਦਿਆਂ ਦਾ ਨੁਕਸਾਨ।

**ਆਓ ਬੀਸੀ ਨੂੰ ਫਿਰ ਤੋਂ ਵੱਧਣ ਵਿੱਚ ਮਦਦ ਕਰੀਏ।**

**ਅਰਜ਼ੀ ਪੈਕੇਜ**
**gov.bc.ca/AgriFloodRecovery**
**'ਤੇ ਉਪਲਬਧ ਹਨ।**

**ਤੁਹਾਡੀ ਅਰਜ਼ੀ ਬਾਰੇ ਕੋਈ ਸਵਾਲ ਹੈ?**

ਕਿਸਾਨਾਂ ਲਈ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਵਨ-ਔਨ-ਵਨ ਮਦਦ ਉਪਲਬਧ ਹੈ।

ਸਹਾਇਤਾ ਲਈ agrirecovery@gov.bc.ca ਜਾਂ 1-888-332-3352 'ਤੇ ਸੰਪਰਕ ਕਰੋ।

CANADIAN AGRICULTURAL PARTNERSHIP

BRITISH COLUMBIA

Canada

# TRANSource FREIGHTWAYS

## Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

Email:safety@transourcefreightways.com





# ਜਤਿੰਦਰ ਜੇ ਮਿਨਹਾਸ ਅਤੇ ਪਰਿਵਾਰ ਨੇ ਮਨਾਇਆ ਦੋਹਤੇ ਵਿਕਰਮ ਦਾ ਜਨਮ ਦਿਨ



ਸਰੀ (ਹਰਦਮ ਮਾਨ)-ਬੀ. ਸੀ. (ਕੈਨੇਡਾ) ਦੇ ਪ੍ਰਸਿੱਧ ਬਿਜਨਸਮੈਨ ਅਤੇ ਸਮਾਜ ਸੇਵਾ ਵਿਚ ਕਰਮਸ਼ੀਲ ਨਾਮਵਰ ਸ਼ਖ਼ਸੀਅਤ ਜਤਿੰਦਰ ਜੇ ਮਿਨਹਾਸ ਅਤੇ ਪਰਿਵਾਰ ਵੱਲੋਂ ਆਪਣੇ ਦੋਹਤੇ ਵਿਕਰਮ ਭਗਵੰਤ ਝੂਟੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਨਾਂਨਾ ਜਤਿੰਦਰ ਜੇ ਮਿਨਹਾਸ ਅਤੇ ਨਾਨੀ ਕੁਲਬਿੰਦਰ ਕੇ ਮਿਨਹਾਸ ਨੇ ਆਪਣੇ ਦੋਹਤੇ ਦੀ ਲੰਮੇਰੀ ਅਤੇ ਸਿਹਤਯਾਬ ਜ਼ਿੰਦਗੀ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਵਿਕਰਮ ਦੀ ਮਾਤਾ ਰਿੰਪੀ ਮਿਨਹਾਸ ਅਤੇ ਪਿਤਾ ਵਿੱਕੀ ਝੂਟੀ ਨੇ ਆਪਣੇ ਲਾਡਲੇ ਦੇ ਜਨਮ ਦਿਨ ਤੇ ਖ਼ੂਬ ਲਾਡ ਪਿਆਰ ਦਿੱਤਾ। ਵਿਕਰਮ ਦੇ ਦਾਦਾ ਜੈਸੀ ਝੂਟੀ ਅਤੇ ਦਾਦੀ ਨਿੱਕੀ ਝੂਟੀ ਨੇ ਵੀ ਆਪਣੇ ਪੋਤਰੇ ਨੂੰ ਅਸ਼ੀਰਵਾਦ ਦਿੱਤਾ। ਵਿਕਰਮ ਦੀ ਮਾਸੀ ਨੀਨਾ ਮਿਨਹਾਸ ਨੇ ਵੀ ਵਿਕਰਮ ਨੂੰ ਚੁੰਮਦਿਆਂ ਆਪਣੀਆਂ ਦਿਲੀ ਸ਼ੁੱਭ ਇੱਛਾਵਾਂ ਦਿੱਤੀਆਂ।












# ਡੇਰਾ ਰਾਧਾ ਸੁਆਮੀ ਬਿਆਸ ਨੇ ਖੁੱਲ ਕੇ ਕਾਂਗਰਸ ਉਮੀਦਵਾਰ ਦੀ ਹਮਾਇਤ ਕੀਤੀ

ਰਈਆ (ਦਵਿੰਦਰ ਸਿੰਘ ਭੰਗੂ)-ਵਿਧਾਨ ਸਭਾ ਹਲਕਾ ਬਾਬਾ ਬਕਾਲਾ ਵਿਚ ਡੇਰਾ ਰਾਧਾ ਸੁਆਮੀ ਬਿਆਸ ਨੇ ਖੁੱਲ ਕੇ ਕਾਂਗਰਸ ਪਾਰਟੀ ਦੇ ਉਮੀਦਵਾਰ ਸੰਤੋਖ ਸਿੰਘ ਭਲਾਈਪੁਰ ਦੀ ਹਮਾਇਤ ਕੀਤੀ ਜਿਸ ਸਬੰਧੀ ਕਾਫ਼ੀ ਚਰਚਾ ਚੱਲ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਰਾਧਾ ਸੁਆਮੀ ਬਿਆਸ ਜਿਸ ਦੇ ਪ੍ਰਭਾਵ ਅਧੀਨ ਵੱਡੀ ਗਿਣਤੀ ਵਿਚ ਸਾਰੇ ਦੇਸ ਵਿਚ ਸ਼ਰਧਾਲੂ ਹਨ ਅਤੇ ਹਮੇਸ਼ਾ ਹੀ ਕਿਸੇ ਵੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰਦੇ ਜਾਂ ਸਿੱਧੀ ਹਮਾਇਤ ਕਰਦੇ ਨਹੀਂ ਦੇਖੇ। ਇੱਥੇ ਦੇਸ ਦੇ ਪ੍ਰਧਾਨ ਮੰਤਰੀ,ਗ੍ਰਹਿ ਮੰਤਰੀ ਅਤੇ ਸਾਰੀਆਂ ਪਾਰਟੀਆਂ ਵਲੋਂ ਹਮਾਇਤ ਲੈਣ ਲਈ ਸੰਪਰਕ ਤਾਂ ਜ਼ਰੂਰ ਕੀਤਾ ਜਾਂਦਾ ਹੈ ਪਰ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਵਲੋ ਕਿਸੇ ਵੀ ਪਾਰਟੀ ਦੇ ਹੱਕ ਵਿਚ ਤੁਰਨ ਲਈ ਨਹੀਂ ਕਿਹਾ ਗਿਆ ਪਰ ਇਸ ਵਾਰ ਵਿਧਾਨ ਸਭਾ ਹਲਕਾ ਬਾਬਾ ਬਕਾਲਾ ਵਿਚ ਡੇਰਾ ਰਾਧਾ ਸੁਆਮੀ ਦੇ ਉੱਚ ਅਹੁਦੇ ਤੇ ਬੈਠੇ ਸੈਕਟਰੀ ਨਿਰਮਲ ਪਟਵਾਲੀਆ ਵਲੋਂ ਇਸ ਹਲਕੇ ਦੇ ਕਾਂਗਰਸੀ ਉਮੀਦਵਾਰ ਦੀ ਲੁਕਵੀਂ ਹਮਾਇਤ ਨਹੀਂ ਸਗੋਂ ਖੁੱਲ੍ਹੇਆਮ ਪਿੰਡਾਂ ਵਿਚ ਜਾ ਕੇ ਪ੍ਰਚਾਰ ਕੀਤਾ ਗਿਆ ਅਤੇ ਡੇਰਾ ਪ੍ਰੇਮੀਆ ਦੇ ਘਰ ਘਰ ਜਾਵੇ ਕਾਂਗਰਸ ਉਮੀਦਵਾਰ ਨੂੰ ਵੋਟਾਂ ਪਾਉਣ ਲਈ ਪ੍ਰੇਰਿਆ ਗਿਆ। ਇੱਥੇ ਇੱਕ ਰੋਡ ਸੋਅ ਵਿਚ ਖੁੱਲ੍ਹੇਆਮ ਗੱਡੀ ਉੱਪਰ ਜਾਵੇ ਪ੍ਰਚਾਰ ਵੀ ਕੀਤਾ ਗਿਆ। ਇੱਥੇ ਤੱਕ ਵੋਟਾਂ ਵਾਲੇ ਦਿਨ ਡੇਰੇ ਦੇ ਪ੍ਰਬੰਧਕ ਖ਼ੁਦ ਕਾਂਗਰਸੀ ਪੋਲਿੰਗ ਬੂਥਾ ਉੱਪਰ ਬੈਠਕੇ ਵੋਟਰਾਂ ਨੂੰ ਪ੍ਰੇਰਦੇ ਰਹੇ। ਡੇਰੇ ਅੰਦਰ ਬਣੇ ਬੂਥ ਤੇ ਕਬਜ਼ਾ ਕਰਕੇ ਵੱਡੀ ਪੱਧਰ ਤੇ ਵੋਟਾਂ ਕਾਂਗਰਸੀ ਉਮੀਦਵਾਰ ਨੂੰ ਪੁਆਇਆ ਗਈਆਂ।ਜਿਸ ਸਬੰਧੀ ਜਾਂਚ ਵੀ ਚੱਲ ਰਹੀ ਹੈ। ਇਲਾਕੇ ਵਿਚ ਡੇਰਾ ਰਾਧਾ ਸੁਆਮੀ ਦੇ ਪ੍ਰਬੰਧਕਾ ਵਲੋ ਕੀਤੇ ਗਏ ਪ੍ਰਚਾਰ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਦੀ ਹਮਾਇਤ ਕਰਨ ਸਬੰਧੀ ਚਰਚਾ ਚੱਲ ਰਹੀ ਹੈ। ਹੁਣ ਜੇਕਰ ਡੇਰੇ ਪ੍ਰਬੰਧਕਾਂ ਵਲੋਂ ਇੰਨੀ ਜ਼ੋਰ ਅਜ਼ਮਾਈ ਉਪਰੰਤ ਵੀ ਕਾਂਗਰਸ ਉਮੀਦਵਾਰ ਹਾਰ ਜਾਂਦਾ ਹੈ ਤਾਂ ਡੇਰੇ ਪ੍ਰਤੀ ਲੋਕਾਂ ਦਾ ਵਿਸ਼ਵਾਸ ਘਟੇਗਾ। ਇਸ ਸਬੰਧੀ ਡੇਰਾ ਸੈਕਟਰੀ ਨਿਰਮਲ ਪਟਵਾਲੀਆ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵਲੋ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਸ ਵਕਤ ਉਨ੍ਹਾਂ ਦੀਆ ਪੋਲਿੰਗ ਬੂਥਾ ਤੇ ਬੈਠਿਆ ਦੀਆ ਤਸਵੀਰਾਂ ਅਤੇ ਵੀਡੀਉ ਸਬੰਧੀ ਪੁੱਛਿਆ ਤਾਂ ਉਨ੍ਹਾਂ ਫ਼ੋਨ ਬੰਦ ਕਰ ਦਿੱਤਾ।









ਸਾਡਾ ਸੂਬਾ ਐਂਬਰੋਜ਼ੀਆ ਸੇਬ - ਇੱਕ ਅਜਿਹੀ ਕਿਸਮ ਜੋ ਇੱਥੋਂ ਬੀਸੀ ਤੋਂ ਹੀ ਆਈ ਹੈ, ਸਮੇਤ ਸੇਬ ਦੀਆਂ 12 ਤੋਂ ਵੱਧ ਵਿਲੱਖਣ ਕਿਸਮਾਂ ਦਾ ਘਰ ਹੈ। ਖਰੀਦਦਾਰੀ ਕਰਨ ਵੇਲੇ ਸਥਾਨਕ ਸੇਬ ਖਰੀਦ ਕੇ ਬੀਸੀ ਦੇ ਸੇਬ ਉਤਪਾਦਕਾਂ, ਉਹਨਾਂ ਦੇ ਭਾਈਚਾਰਿਆਂ ਅਤੇ ਟਿਕਾਊ ਸਥਾਨਕ ਭੋਜਨ ਪ੍ਰਣਾਲੀ ਦਾ ਸਮਰਥਨ ਕਰੋ।

BRITISH COLUMBIA

buybc.gov.bc.ca

buyBC

# ਕੈਨੀ ਨੇ ਟਰੂਡੋ ਦੇ ਐਮਰਜੈਂਸੀ ਐਕਟ ਦੀ ਵਰਤੋਂ ਵਿਰੁੱਧ ਅਦਾਲਤੀ ਲੜਾਈ ਦੀ ਦਿੱਤੀ ਧਮਕੀ

ਐਡਮਿੰਟਨ-ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਨੇ ਐਲਾਨ ਕੀਤਾ ਕਿ ਅਲਬਰਟਾ ਵਿਚ ਵਕੀਲ ਜਸਟਿਨ ਟਰੂਡੋ ਦੀ ਸਰਕਾਰ ਵਲੋਂ ਐਮਰਜੈਂਸੀ ਐਕਟ ਲਾਗੂ ਕਰਨ ਵਿਰੁੱਧ ਲੜਾਈ ਦੀ ਤਿਆਰੀ ਕਰ ਰਹੇ ਹਨ। ਕੈਨੀ ਨੇ ਇਸ ਕਦਮ ਜਿਸ ਬਾਰੇ ਟਰੂਡੋ ਨੇ ਦਲੀਲ ਦਿੱਤੀ ਕਿ ਕਾਫਲਾ ਪ੍ਰਦਰਸ਼ਨਾਂ ਅਤੇ ਨਾਕੇਬੰਦੀ ਕਾਰਨ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਇਹ ਜ਼ਰੂਰੀ ਸੀ ਨੂੰ ਕਿਸੇ ਅਧੁਨਿਕ ਕੈਨੇਡੀਅਨ ਸਰਕਾਰ ਦੀਆਂ ਸਭ ਤੋਂ ਵੱਡੀਆਂ ਗਲਤੀਆਂ ਵਿਚੋਂ ਇਕ ਆਖਿਆ ਹੈ। ਕੈਨੀ ਨੇ ਕਿਹਾ ਕਿ ਕੈਨੇਡਾ ਵਿਚ ਕਿਤੇ ਵੀ ਨਾਕੇਬੰਦੀ ਨਹੀਂ। ਓਟਵਾ ਦੀ ਸਥਿਤੀ ਹੱਲ ਕਰ ਲਈ ਗਈ ਹੈ। ਓਨਟਾਰੀਓ ਤੇ ਅਲਬਰਟਾ ਨੇ ਇਸ ਤਰ੍ਹਾਂ ਦੀਆਂ ਐਮਰਜੈਂਸੀ ਤਾਕਤਾਂ ਦੀ ਵਰਤੋਂ ਕੀਤੇ ਬਿਨ੍ਹਾਂ ਕਾਊਟਸ ਤੇ ਵਿੰਡਸਰ ਬਾਰਡਰ-ਕਰੌਸਿੰਗ ਨਾਕੇਬੰਦੀ ਨੂੰ ਰੋਕ ਦਿੱਤਾ ਹੈ।



ਅਲਬਰਟਾ ਫੈਡਰਲ ਕੋਰਟ ਆਫ ਕੈਨੇਡਾ ਜਾਂ ਕੋਰਟ ਆਫ ਕੁਈਨ ਬੈਂਚ ਆਫ ਅਲਬਰਟਾ ਵਿਚ ਕਾਨੂੰਨੀ ਚੁਣੌਤੀ ਸ਼ੁਰੂ ਕਰੇਗਾ। ਸੂਬੇ ਦੇ ਕਾਨੂੰਨੀ ਸਲਾਹਕਾਰ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੀ ਤਿਆਰੀ ਕਰ ਰਹੇ ਹਨ। ਕੈਨੀ ਅਦਾਲਤੀ ਚੁਣੌਤੀ ਵਿਚ ਇੰਟਰਵੇਨਰ ਦਰਜਾ ਵੀ ਚਾਹੁੰਦੇ ਹਨ ਜਿਹੜੀ ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ ਲਿਆ ਰਹੀ ਹੈ। ਕੈਨੀ ਨੇ ਪੇਸ਼ੀਨਗੋਈ ਕੀਤੀ ਕਿ ਸਾਡਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਸਾਡਾ ਕੇਸ ਮਜ਼ਬੂਤ ਹੈ ਅਤੇ ਫੈਡਰਲਸ ਸਰਕਾਰ ਲਈ ਇਸ ਨੂੰ ਜਾਇਜ਼ ਠਹਿਰਾਉਣਾ ਔਖਾ ਹੋ ਜਾਵੇਗਾ ਕਿ ਉਸ ਨੇ ਅਜਿਹਾ ਕਿਉਂ ਕੀਤਾ ਜਦੋਂ ਇਸ ਦਾ ਕੋਈ ਸਪਸ਼ਟ ਕਾਰਨ ਨਹੀਂ ਸੀ।

# ਰਵਾਇਤੀ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ-ਭਗਵੰਤ ਮਾਨ

## ਆਪ ਨੂੰ ਰੋਕਣ ਲਈ ਗਠਜੋੜ ਦੀਆਂ ਕਰ ਰਹੀਆਂ ਹਨ ਕੋਸ਼ਿਸ਼ਾਂ

ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ, ਮਜ਼ਦੂਰਾਂ ਅਤੇ ਪੰਜਾਬ ਵਾਸੀਆਂ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਨੂੰ ਰੋਕਣ ਲਈ ਇਹ ਮੁੜ ਤੋਂ ਗੱਠਜੋੜ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸੂਬੇ ਦੇ ਵੋਟਰਾਂ ਨੇ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਮੁੱਢ ਤੋਂ ਨਕਾਰ ਦਿੱਤਾ ਹੈ। ਇਸੇ ਲਈ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਸਮੇਤ ਭਾਰਤੀ ਜਨਤਾ ਪਾਰਟੀ ਦੇ ਆਗੂ ਅਮਿਤ ਸ਼ਾਹ ਤੇ ਹੋਰ ਆਗੂ ਪੰਜਾਬ 'ਚ ਸਰਕਾਰ ਬਣਾਉਣ ਦੀਆਂ ਕੋਝੀਆਂ ਚਾਲਾਂ ਚੱਲ ਰਹੇ ਹਨ। ਮਾਨ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਪੰਜਾਬ 'ਚ ਸਰਕਾਰ ਬਣਾਉਣ ਲਈ ਅਕਾਲੀ ਦਲ (ਬਾਦਲ) ਨਾਲ ਗੱਠਜੋੜ ਹੋਣ ਦੀ ਹਾਮੀ ਭਰਦੇ ਹਨ ਅਤੇ ਉਨ੍ਹਾਂ ਤੋਂ ਪਹਿਲਾਂ ਅਕਾਲੀ ਆਗੂ ਬਿਕਰਮ ਮਜੀਠੀਆ ਨੇ ਵੀ ਭਾਜਪਾ ਨਾਲ ਗੱਠਜੋੜ ਹੋਣ ਦਾ ਐਲਾਨ ਕੀਤਾ ਸੀ। ਇਨ੍ਹਾਂ ਆਗੂਆਂ ਵੱਲੋਂ ਕੀਤੇ ਦਾਅਵੇ ਤੋਂ ਸਿੱਧ ਹੋ ਗਿਆ ਕਿ ਕਿਸਾਨਾਂ, ਮਜ਼ਦੂਰਾਂ ਅਤੇ ਆਮ ਪੰਜਾਬੀਆਂ ਦੀਆਂ ਵੋਟਾਂ ਲੈਣ ਲਈ ਹੀ ਅਕਾਲੀ ਦਲ (ਬਾਦਲ) ਭਾਜਪਾ ਤੋਂ ਵੱਖ ਹੋਇਆ ਸੀ। ਉਨ੍ਹਾਂ ਕਿਹਾ ਕਿ ਪਰਦੇ ਦੇ ਪਿੱਛੇ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ ਰਾਜਸੀ ਗੱਠਜੋੜ ਅੱਜ ਵੀ ਕਾਇਮ ਹੈ। ਅਕਾਲੀ ਦਲ ਬਾਦਲ ਨੇ ਭਾਜਪਾ ਨਾਲੋਂ ਵੱਖ ਹੋ ਅਤੇ ਚੋਣਾਂ ਲੜ ਕੇ ਕਿਸਾਨਾਂ ਅਤੇ ਪੰਜਾਬੀਆਂ ਦੇ ਅੱਖਾਂ 'ਚ ਘੱਟਾ ਪਾਉਣ ਦਾ ਯਤਨ ਕੀਤਾ ਹੈ। 'ਆਪ' ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਭਾਜਪਾ, ਅਕਾਲੀ ਦਲ ਤੇ ਕੈਪਟਨ ਅਮਰਿੰਦਰ ਸਿੰਘ ਨੇ ਹਮੇਸ਼ਾ ਹੀ ਦੇਸ਼ ਦੇ ਕਿਸਾਨਾਂ ਅਤੇ ਪੰਜਾਬੀਆਂ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 10 ਮਾਰਚ ਨੂੰ ਆਉਣ ਵਾਲੇ ਨਤੀਜੇ ਕਿਸਾਨਾਂ ਅਤੇ ਪੰਜਾਬੀਆਂ ਨੂੰ ਧੋਖਾ ਦੇਣ ਵਾਲਿਆਂ ਦੀਆਂ ਉਮੀਦਾਂ ਖ਼ਿਲਾਫ਼ ਆਉਣਗੇ। ਪੰਜਾਬ ਦੇ ਲੋਕਾਂ ਨੇ ਸੱਤਾ ਬਦਲੀ ਲਈ ਵੋਟਾਂ ਪਾਈਆਂ ਹਨ। ਇਸ ਵਾਰ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।





FOR BUYING OR SELLING
any kind of Property, Count on my many years of Expert Experience

Tejinder S. Bansal
REALTOR
604.671.5783
Email: tbansal@msn.com

MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

**COMMERCIAL LAND ON BUSY HIGHWAY IN MISSION**

5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.

ASKING ONLY **$20 mil**

**INDUSTRIAL WAREHOUSE FOR SALE IN RICHMOND**

Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.

ASKING ONLY **$778,000**

**BUILDINGS LOTS**

Now, assignment of 2-building lots 3800 sf, side by side available for sale near 131/236 Street in Maple Ridge. Try offer.

ASKING ONLY **$799,000** each

**EXCELLENT OPPORTUNITY**

Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

**6340 BUSWELL ST, RICHMOND**




Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

**PUB FOR SALE**

Interested to run your own Pub!! Good monthly return, now available for Sale with or without Pub-licence. Call for more details.

**DUPLEX LOT RT2 ZONE FOR SALE IN VANCOUVER**

**6422 Beatrice St, Vancouver**
Available for assignment Duplex Lot RT2 zone
ASKING **$1.6 million**

# ਬੀਸੀ ਬਜਟ 2022-23 ਸੂਬੇ ਦੀ ਆਰਥਿਕ ਸਥਿਤੀ ਵਿਚ ਆਸ ਨਾਲੋਂ ਵੱਧ ਸੁਧਾਰ

ਵਿਕਟੋਰੀਆ-ਬੀਸੀ ਦੀ ਐਨਡੀਪੀ ਸਰਕਾਰ ਮਹਾਂਮਾਰੀ ਦੇ ਚਲ ਰਹੇ ਪ੍ਰਭਾਵ ਕਾਰਨ ਅਗਲੇ ਕਈ ਸਾਲ ਘਾਟੇ ਦੇ ਅਨੁਮਾਨ ਲਗਾ ਰਹੀ ਹੈ ਜਦਕਿ ਮੌਜੂਦਾ ਬਜਟ ਸਾਲ ਲਈ ਘਾਟੇ ਦੇ ਪੂਰਵ ਅਨੁਮਾਨ ਦੀ ਰਕਮ 9 ਅਰਬ ਡਾਲਰ ਤੋਂ ਵੀ ਜ਼ਿਆਦਾ ਘਟ ਗਈ ਹੈ। ਇੰਸ਼ੂਰੈਂਸ ਕਾਰਪੋਰੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਵਿਚ ਅਚਨਚੇਤ ਸੁਧਾਰ ਅਤੇ ਰੀਅਲ ਅਸਟੇਟ ਇੰਡਸਟਰੀ ਦੇ ਸ਼ਾਨਦਾਰ ਰਹਿਣ ਕਾਰਨ ਆਸ ਨਾਲੋਂ ਵੱਧ ਆਰਥਿਕ ਤਰੱਕੀ ਨਾਲ 2021-22 ਦੇ ਬਜਟ ਅਨੁਮਾਨ ਵਿਚ 483 ਮਿਲੀਅਨ ਡਾਲਰ ਦਾ ਘਾਟਾ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਿਹੜੀ ਪਿਛਲੇ ਸਾਲ ਦੇ 9.698 ਅਰਬ ਡਾਲਰ ਦੇ ਅਨੁਮਾਨ ਤੋਂ ਕਾਫੀ ਘੱਟ ਹੈ। 2022-23 ਬਜਟ ਵਿਚ 5.461 ਅਰਬ ਡਾਲਰ ਘਾਟੇ ਦਾ ਅਨੁਮਾਨ ਹੈ। ਇਸ ਤੋਂ ਇਲਾਵਾ ਅਰਬਾਂ ਡਾਲਰ ਹੰਗਾਮੀ ਸਥਿਤੀਆਂ ਲਈ ਵੱਖਰੇ ਰੱਖੇ ਗਏ ਹਨ। ਸਰਕਾਰ 2022-23 ਵਿਚ ਪ੍ਰਾਪਰਟੀ ਟਰਾਂਸਫਰ ਟੈਕਸ ਤੋਂ 2.5 ਅਰਬ ਡਾਲਰ ਅਤੇ ਆਈਸੀਬੀਸੀ ਤੋਂ 327 ਮਿਲੀਅਨ ਡਾਲਰ ਦਾ ਮਾਲੀਆ ਆਉਣ ਦੀ ਆਸ ਕਰ ਰਹੇ ਹੈ। ਵਿੱਤ ਮੰਤਰੀ ਸੇਲੀਨਾ ਰੌਬਿਨਸਨ ਨੇ 'ਸਟਰੌਂਗਰ ਟੂਗੈਦਰ' ਦੇ ਉਦੇਸ਼ ਨਾਲ 2022-23 ਦਾ ਬਜਟ ਪੇਸ਼ ਕੀਤਾ ਜਿਹੜਾ ਬੱਚਿਆਂ ਦੀ ਦੇਖਭਾਲ, ਸਿਹਤ ਦੇਖਭਾਲ ਲਈ ਫੰਡਿੰਗ, ਪੌਣਪਾਣੀ ਵਿਚ ਤਬਦੀਲੀ ਦੇ ਹੱਲ ਅਤੇ ਉਨਾਂ ਲੋਕਾਂ ਜਿਨ੍ਹਾਂ ਦੇ ਬੇਘਰ ਹੋਣ ਦਾ ਖ਼ਤਰਾ ਹੈ ਅਤੇ ਜਿਣਸੀ ਹਮਲੇ ਦੇ ਸ਼ਿਕਾਰ ਹੋਏ ਹਨ ਦੀ ਸਹਾਇਤਾ ਦਾ ਵਾਅਦਾ ਕਰਦਾ ਹੈ। ਬਜਟ ਲੌਕ-ਅਪ ਦੌਰਾਨ ਰੌਬਿਨਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮਾਪੇ 2022 ਦੇ ਖਤਮ ਹੋਣ ਤਕ ਚਾਈਲਡ ਕੇਅਰ ਲਈ ਔਸਤਨ 20 ਡਾਲਰ ਪ੍ਰਤੀ ਦਿਨ ਦੀ ਆਸ ਕਰ ਸਕਦੇ ਹਨ। ਸੂਬੇ ਦੀ ਅਗਲੇ 7 ਸਾਲਾਂ ਵਿਚ 40000 ਹੋਰ ਚਾਈਲਡ-ਕੇਅਰ ਥਾਵਾਂ ਕਾਇਮ ਕਰਨ ਦੀ ਯੋਜਨਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਥਾਵਾਂ ਮਿਆਰੀ ਹੋਣ, ਜ਼ਿਆਦਾ ਇੰਸਪੈਕਟਰਾਂ ਲਈ ਵੀ ਫੰਡ ਰੱਖੇ ਗਏ ਹਨ। ਸਰਜੀਕਲ ਤੇ ਡਾਇਗਨੋਸਟਿਕ ਦਾ ਉਡੀਕ ਸਮਾਂ ਘਟਾਉਣ ਲਈ 100 ਮਿਲੀਅਨ ਡਾਲਰ ਮੁਹੱਈਆ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 10 ਹੋਰ ਜ਼ਰੂਰੀ ਤੇ ਪ੍ਰਾਇਮਰੀ ਕੇਅਰ ਸੈਂਟਰ ਖੋਲ੍ਹੇ ਜਾਣਗੇ, 15 ਹੋਰ ਸੈਂਟਰ ਵਿਸ਼ੇਸ਼ ਰੂਪ ਵਿਚ ਫਸਟ ਨੇਸ਼ਨਸ ਲਈ ਹੋਣਗੇ। ਸਟਾਫ ਦੀ ਘਾਟ ਅਤੇ ਐਮਰਜੈਂਸੀ ਰਿਸਪਾਂਸ ਏਜੰਸੀਆਂ ਦਾ ਉਡੀਕ ਸਮਾਂ ਘਟਾਉਣ ਲਈ 125 ਪੈਰਾਮੈਡਿਕਸ ਤੇ 30 ਡਿਸਪੈਚਰ ਹਾਇਰ ਕੀਤੇ ਜਾਣਗੇ। ਕੈਂਸਰ ਦੀ ਦੇਖਭਾਲ ਲਈ 30 ਮਿਲੀਅਨ ਡਾਲਰ ਹੋਰ ਰੱਖੇ ਗਏ ਹਨ। ਸੂਬਾ ਅੱਗ ਤੇ ਹੜ੍ਹ ਨੂੰ ਰੋਕਣ ਅਤੇ ਰਿਕਵਰੀ ਲਈ 1.2 ਅਰਬ ਡਾਲਰ ਮੁਹੱਈਆ ਕਰ ਰਿਹਾ ਹੈ। 2021 ਦੀ ਅੱਗ ਤੇ ਹੜ੍ਹਾਂ ਦੇ ਮੌਸਮ ਨਾਲ ਹੋਏ ਵਿਨਾਸ਼ ਤੋਂ ਮੁੜ ਉਸਾਰੀ ਲਈ 1.5 ਅਰਬ ਡਾਲਰ ਰੱਖੇ ਗਏ ਹਨ। ਮੰਤਰੀ ਨੇ ਲੋਕਾਂ ਦੇ ਬੇਘਰ ਹੋਣ ਤੋਂ ਰੋਕਣ ਲਈ ਕਈ ਤਰ੍ਹਾਂ ਦੀ ਸਹਾਇਤਾ ਦੀ ਰੂਪ ਰੇਖਾ ਵੀ ਦਿੱਤੀ। ਸੂਬਾ 114000 ਨਵੇਂ ਕਿਫਾਇਤੀ ਕਿਰਾਏ ਵਾਲੇ ਘਰਾਂ ਨੂੰ ਬਣਾਉਣ ਦੇ ਆਪਣੇ 2018 ਦੇ ਵਾਅਦੇ ਦੇ ਹਿੱਸੇ ਵਜੋਂ 32000 ਤੋਂ ਵੀ ਵੱਧ ਘਰਾਂ ਦੇ ਨਿਰਮਾਣ ਕਾਰਜ ਚੱਲਣ ਦਾ ਦਾਅਵਾ ਕਰ ਰਿਹਾ ਹੈ। ਉਨ੍ਹਾਂ ਵਿਚੋਂ 6300 ਮੁਕੰਮਲ ਹੋ ਚੁੱਕੇ ਹਨ ਅਤੇ 4500 ਹੋਰ ਸਾਲ ਦੇ ਅਖੀਰ ਵਿਚ ਬਣ ਕੇ ਤਿਆਰ ਹੋਣ ਦੀ ਆਸ ਹੈ। ਸੈਰਸਪਾਟਾ ਇੰਡਸਟਰੀ ਦੀ ਮਦਦ ਲਈ 25 ਮਿਲੀਅਨ ਡਾਲਰ ਰੱਖੇ ਗਏ ਹਨ। ਸਰੀ ਤੋਂ ਲੈਂਗਲੀ ਤਕ ਸਕਾਈਟਰੇਨ ਦੇ ਵਿਸਥਾਰ ਸਮੇਤ ਅਗਲੇ ਤਿੰਨ ਸਾਲਾਂ ਵਿਚ ਵੱਡੇ ਪ੍ਰਾਜੈਕਟਾਂ ਲਈ ਰਿਕਾਰਡ 27.4 ਅਰਬ ਡਾਲਰ ਰੱਖੇ ਗਏ ਹਨ।



## ਸਰੀ ਦੇ ਮੇਅਰ ਡੱਗ ਮੈਕਲਮ ਦੇ ਜਨਤਕ ਸ਼ਰਾਰਤ ਦੋਸ਼ 'ਤੇ ਸੁਣਵਾਈ 8 ਮਾਰਚ ਤੋਂ

ਸਰੀ-ਮੰਗਲਵਾਰ ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਦੋ ਮਿੰਟ ਦੀ ਸੁਣਵਾਈ ਪਿੱਛੋਂ ਸਰੀ ਦੇ ਮੇਅਰ ਡੱਗ ਮੈਕਲਮ ਦੀ ਉਸ ਦੇ ਜਨਤਕ ਸ਼ਰਾਰਤ ਦੋਸ਼ ਦੀ ਸੁਣਵਾਈ 8 ਮਾਰਚ ਤੋਂ ਸ਼ੁਰੂ ਹੋ ਰਹੀ ਹੈ। ਸਪੈਸ਼ਲ ਕਰਾਊਨ ਪ੍ਰੋਸੀਕਿਊਟਰ ਰਿਚਰਡ ਫਾਊਲਰ ਨੇ ਜੱਜ ਨੂੰ ਦੱਸਿਆ ਕਿ ਅਸੀਂ ਕੁਝ ਚਰਚਾ ਕੀਤੀ ਹੈ, ਖੁਲਾਸੇ ਹੋ ਰਹੇ ਹਨ ਅਤੇ ਬਹੁਤ ਸਾਰੇ ਖੁਲਾਸੇ ਹੋਏ ਹਨ। ਫਾਊਲਰ ਨੇ ਕਿਹਾ ਕਿ ਰੱਖਿਆ ਪੱਖ ਨੇ ਬੇਨਤੀ ਕੀਤੀ ਕਿ ਮਾਮਲੇ ਦੀ ਸੁਣਵਾਈ 8 ਮਾਰਚ 'ਤੇ ਪਾਈ ਜਾਵੇ। ਅਸੀਂ ਇਸ 'ਤੇ ਇਤਰਾਜ਼ ਨਹੀਂ ਕੀਤਾ। ਸਰੀ ਪੁਲਿਸ ਵੋਟ ਕੰਪੇਨ ਸ਼ਹਿਰ ਦੇ ਮੇਅਰ ਡੱਗ ਮੈਕਲਮ ਨੂੰ ਅਪੀਲ ਕਰ ਰਹੀ ਹੈ ਕਿ ਉਹ ਆਪਣੇ ਕਾਨੂੰਨੀ ਬਿੱਲਾਂ ਦਾ ਭੁਗਤਾਨ ਕਰਨਾ ਸ਼ੁਰੂ ਕਰੇ। ਮੈਕਲਮ 'ਤੇ ਕ੍ਰਿਮੀਨਲ ਕੋਡ ਦੀ ਧਾਰਾ 140 (2) ਦੇ ਉਲਟ ਜਨਤਕ ਸ਼ਰਾਰਤ ਦਾ ਇਕ ਦੋਸ਼ ਲਾਇਆ ਹੈ। ਇਹ ਦੋਸ਼ ਪਿਛਲੇ ਸਾਲ ਸਤੰਬਰ ਵਿਚ ਸਾਊਥ ਸਰੀ ਵਿਚ ਸਾਊਥ ਪੁਆਇੰਟ ਸੇਵ-ਆਨ ਦੇ ਬਾਹਰ ਇਕ ਗਰੁੱਪ ਤੇ ਉਸ ਵਿਚਕਾਰ ਟਾਕਰਾ ਹੋਣ ਤੋਂ ਪੈਦਾ ਹੋਇਆ ਸੀ ਜਿਹੜਾ ਪੁਲਿਸ ਟਰਾਂਜ਼ੀਸ਼ਨ 'ਤੇ ਰਾਏਸ਼ੁਮਾਰੀ ਲਈ ਪਟੀਸ਼ਨ 'ਤੇ ਦਸਤਖ਼ਤ ਇਕੱਤਰ ਕਰ ਰਿਹਾ ਸੀ। ਮੇਅਰ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਪੈਰ 'ਤੇ ਕਾਰ ਦਾ ਟਾਇਰ ਚੜ੍ਹਾ ਦਿੱਤਾ ਗਿਆ ਸੀ। ਇਸ ਮਾਮਲੇ ਦੀ ਪਹਿਲੀ ਤਾਰੀਕ 25 ਜਨਵਰੀ ਸੀ ਪਰ ਉਸ ਦਿਨ ਸਿਰਫ ਤਿੰਨ ਮਿੰਟ ਸੁਣਵਾਈ ਹੋਈ ਸੀ।

## ਕਲੋਵਰਡੇਲ ਸਕੂਲ ਵਿਚ ਹਮਲੇ ਦੌਰਾਨ 2 ਜ਼ਖਮੀ-ਹਮਲਾਵਰ ਵਿਦਿਆਰਥੀ ਗ੍ਰਿਫਤਾਰ


ਸਰੀ-ਮੰਗਲਵਾਰ ਬਾਅਦ ਦੁਪਹਿਰ ਸਰੀ ਦੇ ਲੌਰਡ ਟਵੀਡਮੇਅਰ ਸੈਕੰਡਰੀ ਸਕੂਲ ਦੀਆਂ ਗਰਾਊਂਡਾਂ ਵਿਚ ਚਾਕੂ ਮਾਰਨ ਦੀ ਘਟਨਾ ਜਿਸ ਵਿਚ ਦੋ ਵਿਦਿਆਰਥੀ ਜ਼ਖ਼ਮੀ ਹੋ ਗਏ ਸਨ ਪਿੱਛੋਂ ਇਕ ਹਮਲਾਵਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀੜਤਾਂ ਜਿਹੜੇ ਕਿਸ਼ੋਰ ਹਨ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਚਾਕੂ ਮਾਰਨ ਵਾਲਾ ਸ਼ੱਕੀ ਸਕੂਲ ਦੇ ਅੰਦਰ ਹੀ ਰਿਹਾ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ।

## ਦੀਪ ਦੇ ਨਾਮ

ਦੀਪ ਹਮੇਸ਼ਾਂ ਬੁਝਦੇ ਨਾਲੇ ਜਗਦੇ ਰਹਿੰਦੇ ਆ
ਸੂਰਜ ਚਾਨਣ ਵੰਡਦੇ ਨਾਲੇ ਦਗਦੇ ਰਹਿੰਦੇ ਆ
ਨਾ ਚਾਨਣ ਕਦੇ ਵੀ ਮਰਿਆ ਹੈ ,ਨਾ ਮਰੇਗਾ
ਸੂਰਮਿਆਂ ਦੇ ਸਿਵੇ ਹਮੇਸ਼ਾਂ ਮਘਦੇ ਰਹਿੰਦੇ ਆ
ਵਿਚ ਦਿਲਾਂ ਦੇ ਬਲਦੇ ਭਾਂਬੜ ,ਬੁਝਦੇ ਨੀ ਹੁੰਦੇ
ਦੀਪਾਂ ਉੱਤੇ ਸਦਾ ਪਤੰਗੇ ਜਲਦੇ ਰਹਿੰਦੇ ਆ
ਲੋਕ ਜਿਉਂਦਿਆਂ ਯੋਧਿਆਂ ਦੀ ਕਦਰ ਨਹੀਂ ਪਾਉਂਦੇ
ਮਰਿਆਂ ਪਿੱਛੋਂ ਕਬਰਾਂ ਵਿਚੋਂ ਲੱਭਦੇ ਰਹਿੰਦੇ ਆ
ਚੀਕਾਂ ਮਾਰ ਡਰਾ ਲੈਣਾ ,ਵਹਿਮ ਹੈ ਗਿੱਦੜਾਂ ਨੂੰ
ਸ਼ੇਰ ਹਮੇਸ਼ਾਂ ਜੰਗਲਾਂ ਦੇ ਵਿਚ ਗੱਜਦੇ ਰਹਿੰਦੇ ਆ
ਡਾਣਸੀਵਾਲੀਆ ਰੋਕਿਆਂ,ਕਦੇ ਵੀ ਰੁਕਦੇ ਨਾ
ਹਵਾ ਪਾਣੀ ਤੇ ਲਹੂ ਹਮੇਸ਼ਾਂ ਵਗਦੇ ਰਹਿੰਦੇ ਆ

—ਕੁਲਵੀਰ ਸਿੰਘ ਡਾਨਸੀਵਾਲ






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਬਹਾਦਰ ਸ਼ਾਹ ਨੇ ਗੁਰੂ ਜੀ ਦਾ ਸਤਿਕਾਰ ਕਰਨਾ

935 ਨੰਦ ਲਾਲ ਜੀ ਖ਼ੁਦ ਬਘੌਰ ਜਾ ਕੇ, ਸਤਿਗੁਰਾਂ ਨੂੰ ਨਾਲ ਲਿਆਂਵਦਾ ਏ।
ਗਵਾਲੀਅਰ ਵਿਚ ਉਨ੍ਹਾਂ ਦੇ ਰਹਿਣ ਲਈ, ਡੇਰਾ ਬਾਗ ਦੇ ਵਿੱਚ ਕਰਾਂਵਦਾ ਏ।
ਬਹਾਦਰ ਸ਼ਾਹ ਨਜ਼ਰਾਨੇ ਦੇਣ ਲਈ, ਦਸਮੇਸ਼ ਪਿਤਾ ਦੇ ਚਰਨੀਂ ਆਂਵਦਾ ਏ।
ਖਿਅਲਤ, ਕਲਗੀ, ਪੁਸ਼ਾਕੇ ਅਤੇ ਮੋਹਰਾਂ, ਹਰਚੰਦ ਸਿੰਘਾ ਭੇਟ ਚੜ੍ਹਾਂਵਦਾ ਏ॥

### ਬਹਾਦਰ ਸ਼ਾਹ

936 ਜਿਨ੍ਹਾਂ ਚਿਰ ਆਪਦਾ ਮਨ ਮੰਨੇ, ਕਰੋ ਆਗਰੇ ਵਿਚ ਨਿਵਾਸ ਸਾਈਂ।
ਕਿਸੇ ਕਿਸਮ ਦੀ ਰੋਕ ਨਾ ਟੋਕ ਇੱਥੇ, ਰਹੋ ਸਦਾ ਸਾਡੇ ਪਾਸ ਸਾਈਂ।
ਤੁਸੀਂ ਸਾਡੇ ਸ਼ਾਹੀ ਮਹਿਮਾਨ ਹੋਏ, ਸੇਵਾ ਆਪਦੀ ਹੋਏਗੀ ਖਾਸ ਸਾਈਂ।
ਕਿਰਪਾ ਆਪ ਦੀ ਮਿਲੀ ਹੈ ਬਾਦਸ਼ਾਹੀ, ਪੂਰੀ ਕੀਤੀ ਅਸਾਂ ਦੀ ਆਸ ਸਾਈਂ॥

### ਕਵੀਓ ਵਾਚ

937 ਬਹਾਦਰ ਸ਼ਾਹ ਦੇ ਵਾਂਙ ਹੀ ਸਾਹਿਬ ਸੱਚੇ, ਰੱਖਦੇ ਬਾਜ ਤੇ ਕਲਗੀ ਲਾਂਵਦੇ ਨੇ।
ਸਜ-ਧਜ ਕੇ ਬਾਦਸ਼ਾਹ ਨਾਲ ਰਹਿੰਦੇ, ਇਕੱਠੇ ਰਲ ਸ਼ਿਕਾਰ ਨੂੰ ਜਾਂਵਦੇ ਨੇ।
ਸਿੰਘ ਸੂਰੇ ਗੁਰਾਂ ਦੇ ਨਾਲ ਜਾਂਦੇ, ਦਿੱਖ ਵੱਖਰੀ ਬੜੇ ਸਹਾਂਵਦੇ ਨੇ।
ਹਰਚੰਦ ਸਿੰਘਾ ਕਾਜ਼ੀ-ਮੁਲਾਣਿਆਂ ਨੂੰ, ਫੁੱਟੀ ਅੱਖ ਉਹੋ ਨਾ ਭਾਂਵਦੇ ਨੇ॥

### ਬਹਾਦਰ ਸ਼ਾਹ ਅਤੇ ਗੁਰੂ ਜੀ ਨੇ ਤਾਜ ਮਹਿਲ ਵੇਖਣਾ

938 ਇੱਕ ਦਿਨ ਸ਼ਿਕਾਰ ਤੋਂ ਮੁੜਨ ਵੇਲੇ, ਜਮਨਾ ਕੰਢੇ ਉਹ ਵਕਤ ਗੁਜ਼ਾਰਦੇ ਨੇ।
ਪਾਉਂਟਾ ਸਾਹਿਬ ਦੇ ਕੋਲ ਦੀ ਜੋ ਆਉਂਦੀ, ਜਮੁਨਾ ਨਦੀ ਦਾ ਰੂਪ ਨਹਾਰਦੇ ਨੇ।
ਪਾਣੀ ਵਿੱਚੋਂ ਤਾਜ ਮਹਿਲ ਦਿਖੇ, ਮੁੜ ਮੁੜ ਕੇ ਨਜ਼ਰਾਂ ਮਾਰਦੇ ਨੇ।
ਵੱਖ ਕਰਕੇ ਗੁਰੂ ਜੀ ਬਾਦਸ਼ਾਹ ਨੂੰ, ਰਾਜਨੀਤੀ ਕੁੱਝ ਵਿਚਾਰ ਦੇ ਨੇ॥

939 ਕਹਿੰਦੇ ਗੁਰੂ ਜੀ ਰੱਬ ਨੇ ਰਾਜ ਦਿੱਤਾ, ਰਾਜ ਨਾਮ ਹੈ ਜ਼ੁੰਮੇਵਾਰੀਆਂ ਦਾ।
ਚੰਗਾ ਕਰਨਾ, ਸੋਚਣਾ ਅਤੇ ਖਾਣਾ, ਇਹ ਇਲਾਜ ਹੈ ਸੌ ਬਿਮਾਰੀਆਂ ਦਾ।
ਰਾਜਾ ਪਾਲਕ ਹੈ ਸਾਰੀ ਪਰਜਾ ਦਾ, ਬੱਚੇ ਬੁੱਢੇ ਨਰ ਤੇ ਨਾਰੀਆਂ ਦਾ।
ਹਰਚੰਦ ਸਿੰਘਾ ਉਹੀ ਰਾਜ ਭਲਾ, ਸਾਝਾ ਹੋਵੇ ਜੋ ਕੌਮਾਂ ਸਾਰੀਆਂ ਦਾ॥

940 ਤੇਰੇ ਪਿਤਾ ਨੇ ਕਰ ਨਾਰਾਜ਼ ਹਿੰਦੂ, ਉਮਰ ਵਿਚ ਲੜਾਈਆਂ ਲਾ ਦਿੱਤੀ।
ਅਕਬਰ ਬਾਦਸ਼ਾਹ ਨੇਕੀ ਜੋ ਖੱਟੀ, ਉਸ ਮਿੱਟੀ ਦੇ ਵਿੱਚ ਮਿਲਾ ਦਿੱਤੀ।
ਮੁੱਲਾਂ-ਕਾਜ਼ੀਆਂ ਸਾਰੇ ਪੱਟ ਪਾਏ, ਪੱਟੀ ਸਰ੍ਹਾ ਦੀ ਐਸੀ ਪੜ੍ਹਾ ਦਿੱਤੀ।
ਹਰਚੰਦ ਸਿੰਘਾ ਆਪ ਵੀ ਦੁੱਖ ਕੱਟੇ ਨਾਲੇ ਪਰਜਾ ਦੁੱਖਾਂ ਵਿਚ ਪਾ ਦਿੱਤੀ॥

941 ਅਕਬਰ ਵਾਂਙ ਤੂੰ ਨੇਕ ਇਨਸਾਨ ਬਣੀ, ਕਰੀਂ ਰਾਜ ਤੂੰ ਨਾਲ ਪਿਆਰ ਮੀਆਂ।
ਬਰਾਬਰ ਰੱਖੀਂ ਸਾਰੇ ਧਰਮਾਂ ਨੂੰ, ਦੇਵੀਂ ਦੇਸ ਨੂੰ ਸਾਂਝੀ ਸਰਕਾਰ ਮੀਆਂ।
ਠੱਲ੍ਹ ਪਏਗੀ ਫੇਰ ਬਗਾਵਤਾਂ ਨੂੰ, ਤੈਨੂੰ ਪੂਜੇਗਾ ਸਭ ਸੰਸਾਰ ਮੀਆਂ।
ਰਾਜ ਕਰੀਂ ਰੱਬ ਦੇ ਨਾਮ ਉਤੇ, ਕਰੀਂ ਮੂਲ ਨਾ ਅੱਤਿਆਚਾਰ ਮੀਆਂ॥

### ਬਹਾਦਰ ਸ਼ਾਹ

942 ਮੈਂ ਚਾਹੁੰਨਾ ਮੇਰੇ ਰਾਜ ਸਮੇਂ, ਸੁੱਖ ਸ਼ਾਂਤੀ ਅਮਨ ਦਾ ਰਾਜ ਹੋਵੇ।
ਅੱਗ ਠੰਡੀ ਹੋਏ ਬਗਾਵਤਾਂ ਦੀ, ਬਾਦਸ਼ਾਹ ਤੇ ਸਭ ਨੂੰ ਨਾਜ਼ ਹੋਵੇ।
ਰੋਟੀ-ਪਾਣੀ ਮਿਲੇ ਇਨਸਾਫ ਸਭ ਨੂੰ, ਕਿਸੇ ਨਾਲ ਨਾ ਕੋਈ ਨਾਰਾਜ਼ ਹੋਵੇ।
ਹਰਚੰਦ ਸਿੰਘਾ ਕਾਬਲ ਤੋਂ ਬੰਗਾਲ, ਦੱਖਣ, ਸਾਰਾ ਦੇਸ਼ ਹੀ ਇੱਕ ਆਵਾਜ਼ ਹੋਵੇ॥

### ਗੁਰੂ ਜੀ

943 ਕੋਈ ਔਖ ਨਹੀਂ ਇਹ ਤੇ ਹੋ ਸਕਦਾ, ਗੁਨਾਹਗਾਰਾਂ ਨੂੰ ਸਜਾ ਸੁਣਾ ਮੀਆਂ।
ਜਿਨ੍ਹਾਂ ਨਿਰਦੋਸ਼, ਮਾਸੂਮਾਂ ਦੇ ਕਤਲ ਕੀਤੇ, ਬਿਨ ਕਸੂਰ ਤੇ ਬਿਨਾਂ ਗੁਨਾਹ ਮੀਆਂ।
ਵਜ਼ੀਰ ਖਾਂ, ਖਵਾਜਾ ਅਤੇ ਹੋਰ ਕਈ, ਪਾਸ ਆਪਣੇ ਉਨ੍ਹਾਂ ਬੁਲਾ ਮੀਆਂ।
ਹਰਚੰਦ ਸਿੰਘਾ ਸਜਾਵਾਂ ਜੇ ਦਿੱਤੀਆ ਨਾ, ਹੋਣਾ ਮੁਲਕ ਥੀ ਨਹੀਂ ਟਿਕਾਅ ਮੀਆਂ॥

### ਬਹਾਦਰ ਸ਼ਾਹ

944 ਆਪ ਨਾਲ ਵਧੀਕੀਆਂ ਬਹੁਤ ਹੋਈਆਂ, ਮੈਨੂੰ ਇਸਦੀ ਸਾਰੀ ਸਾਰ ਸਾਈਂ।
ਸਮਾਂ ਆਉਣ ਤੇ ਸੋਧੂੰ ਸਾਰਿਆਂ ਨੂੰ, ਨਾਲ ਆਪ ਦੇ ਕਰਾਂ ਇਕਰਾਰ ਸਾਈਂ।
ਪੱਕੇ ਪੈਰੀਂ ਜਰਾ ਮੈਂ ਹੋ ਲਵਾਂ, ਦੇਵਾਂ ਅਹੁਦਿਆਂ ਉਤੋਂ ਉਤਾਰ ਸਾਈਂ।
ਗਿਣ ਗਿਣ ਕੇ ਆਪਦੇ ਦੋਖੀਆਂ ਨੂੰ, ਦਿਉ ਮੌਤ ਦੇ ਘਾਟ ਉਤਾਰ ਸਾਈਂ॥

945 ਤੁਸੀਂ ਚਾਹੋ ਤਾਂ ਦਿਆਂ ਦੇਸ ਕੋਈ, ਰਾਜ ਆਪਣਾ ਤੁਸੀਂ ਸੰਭਾਲ ਬੈਠੋ।
ਆਪਾਂ ਰਲ ਕੇ ਦੋਸਤਾਂ ਵਾਂਙ ਰਹੀਏ, ਅਤੇ ਤੁਸੀਂ ਵੀ ਮੌਜ ਦੇ ਨਾਲ ਬੈਠੋ।
ਨਾਮ-ਦਾਨ ਦੀ ਲੋਕਾਂ ਨੂੰ ਦਾਤ ਦੇਵੋ, ਹੋ ਕੇ ਤਖ਼ਤ ਤੇ ਮਾਲਾ ਮਾਲ ਬੈਠੋ।
ਹਰ ਤਰ੍ਹਾਂ ਦੀ ਮਿਲੂ ਮਦਾਦ ਸਾਈਂ, ਜਿੱਥੇ ਚਾਹੋ ਇਲਾਕਾ ਭਾਲ ਬੈਠੋ॥

### ਗੁਰੂ ਜੀ

946 ਸਾਨੂੰ ਰਾਜ-ਭਾਗ ਦੀ ਲੋੜ ਨਾਹੀਂ, ਅਸੀਂ ਰੱਬ ਦੀ ਰਜ਼ਾ ਵਿਚ ਰਹਿਨੇ ਹਾਂ।
ਰਾਜ ਕਰਨ ਲਈ ਬੜੇ ਗੁਨਾਹ ਹੁੰਦੇ, ਇਨ੍ਹਾਂ ਪਾਪਾਂ ਵਿੱਚ ਨਾ ਪੈਨੇ ਹਾਂ।
ਭਲਾ ਸੋਚੀਏ ਸਦਾ ਮਨੁੱਖਤਾ ਦਾ, ਸਦਾ ਪੱਖ ਮਜਲੂਮਾਂ ਦਾ ਲੈਨੇ ਹਾਂ।
ਸਾਡਾ ਕਿਸੇ ਦੇ ਨਾਲ ਨਾ ਵੈਰ ਕੋਈ, ਹੁੰਦਾ ਜ਼ੁਲਮ ਮੂਲ ਨਾ ਸਹਿਨੇ ਹਾਂ॥

### ਬਾਦਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਜਾਣ ਲਈ ਕਹਿਣਾ

947 ਬਹਾਦਰ ਸ਼ਾਹ ਸੀ ਕਹਿੰਦੇ ਗੁਰੂ ਜੀ ਨੂੰ, ਅਸੀਂ ਦਿੱਲੀ ਦੇ ਵੱਲ ਜਾਵਣਾ ਏ।
ਦਿੱਲੀ ਸ਼ਹਿਰ ਹੈ ਰਾਜ ਦੀ ਰਾਜਧਾਨੀ, ਦਰਬਾਰ ਲਾਲ ਕਿਲ੍ਹੇ ਵਿਚ ਲਾਵਣਾ ਏ।
ਚਰਨ ਆਪਣੇ ਦਿੱਲੀ ਵੀ ਪਾ ਆਓ, ਬਹੁਤਾ ਸਮਾਂ ਨਾ ਉਥੇ ਲਗਾਵਣਾ ਏ।
ਰਸਮ ਦਿੱਲੀ ਦੀ ਕਰਕੇ ਆਪ ਜੀ ਨੂੰ, ਫੇਰ ਦੱਖਣ ਦੇ ਵੱਲ ਲਜਾਵਣਾ ਏ॥

### ਸਤਿਗੁਰਾਂ ਦਾ ਦਿੱਲੀ ਆਉਣਾ

948 ਦਸਮੇਸ਼ ਜੀ ਨੇ ਮਨ ਵਿਚਾਰ ਕੀਤੀ, ਚਲੋ ਦਿੱਲੀ ਫੇਰਾ ਪਾ ਆਈਏ।
ਜਿੱਥੇ ਪਿਤਾ ਜੀ ਧਰਮ ਲਈ ਸੀਸ ਦਿੱਤਾ, ਉਸ ਥਾਂ ਦੇ ਉਤੇ ਵੀ ਜਾ ਆਈਏ।
ਦਮਦਮੇ ਮਾਤਾਵਾਂ ਨੂੰ ਜੋ ਦਿੱਤੇ, ਉਹ ਵਚਨ ਵੀ ਜਾ ਕੇ ਪੁਗਾਅ ਆਈਏ।
ਹਰਚੰਦ ਸਿੰਘਾ ਉਡੀਕਦੇ ਸਿੱਖ ਜਿਹੜੇ, ਪਹੁਲ ਦੇ ਕੇ ਸਿੰਘ ਸਜਾਅ ਆਈਏ॥

### ਰਾਹ ਵਿਚ ਪੇਟੂ ਸਾਧਾਂ ਨਾਲ ਗੋਸ਼ਟੀ

949 ਸਤਿਗੁਰ ਬਿੰਦਰਾਬਨ ਪੜਾਅ ਕੀਤਾ, ਸਾਧੂ ਮੰਡਲੀ ਮਿਲਣ ਨੂੰ ਆਈ ਏ ਜੀ।
ਗੁਰੂ ਉਨ੍ਹਾਂ ਦਾ ਵੱਡੇ ਪੇਟ ਵਾਲਾ, ਸਿਰ ਜਟਾਂ ਭਬੂਤੀ ਲਾਈ ਏ ਜੀ।
ਤੁਸੀਂ ਨਾਨਕ ਦੀ ਗੱਦੀ ਦੇ ਗੁਰੂ ਹੋ ਕੇ, ਅਸਤਰ-ਸਸਤਰ ਦੀ ਸਮਝ ਨਾ ਪਾਈ ਏ ਜੀ।
ਕੀ ਮੁਸ਼ਕਲ ਆਪ ਤੇ ਆਣ ਪਈ, ਕਿੱਧਰ ਕੀਤੀ ਤੁਸਾਂ ਚੜ੍ਹਾਈ ਏ ਜੀ॥

### ਗੁਰੂ ਜੀ

950 ਲੋੜ ਸਮੇਂ ਦੀ ਸੰਤ ਜੀ ਜੋ ਕਹਿੰਦੀ, ਅਸੀਂ ਉਹੋ ਕਰਨ ਕਰਾਉਣ ਆਏ।
ਲੋਕ ਸੁੱਤੇ ਗੁਲਾਮੀ ਦੀ ਲੈ ਲੋਈ, ਅਸੀਂ ਇਨ੍ਹਾਂ ਤਾਈਂ ਜਗਾਉਣ ਆਏ।
ਅਸਤਰ-ਸਾਸਤਰ ਧਰਮ ਦੀ ਕਰਨ ਰਾਖੀ, ਕੱਲੇ ਕੱਲੇ ਦੇ ਹੱਥ ਫੜਾਉਣ ਆਏ।
ਇਹ ਸ਼ਕਤੀ ਢਾਲ ਹੈ ਭਗਤੀ ਦੀ, ਹਰਚੰਦ ਸਿੰਘਾ ਇਹ ਸਮਝਾਉਣ ਆਏ॥

951 ਰਾਖ ਤੁਸਾਂ ਤਨਾਂ ਤੇ ਮਲ ਲਈ, ਜਟਾਂ ਸਿਰ ਦੇ ਉਤੇ ਉਗਾਈਆਂ ਨੇ।
ਇਸਨਾਨ ਦੀ ਥਾਂ ਸਵਾਹ ਮਲਦੇ, ਨਾ ਕੇਸਾਂ ਨੂੰ ਕੰਘੀਆਂ ਲਾਈਆਂ ਨੇ।
ਰਾਮ-ਲਛਮਣ ਦੀ ਤੁਸੀਂ ਔਲਾਦ ਸੰਤੋ, ਜਿਨ੍ਹਾਂ ਲੰਕਾ ਤੇ ਜਿੱਤਾਂ ਪਾਈਆਂ ਨੇ।
ਹਰਚੰਦ ਸਿੰਘਾ ਹੱਥ ਹਥਿਆਰ ਫੜੋ, ਕਿਉਂ ਸ਼ਕਤੀਆਂ ਤੁਸਾਂ ਲੁਕਾਈਆਂ ਨੇ॥

952 ਖਾ ਖਾ ਕੇ ਵਿਹਲੜੇ ਕਿਰਤੀਆਂ ਦਾ, ਤੁਸੀਂ ਆਪਣੇ ਪੇਟ ਫਲਾਅ ਬੈਠੇ।
ਕੰਮ ਛੱਡ ਕੇ ਆਲਸੀ ਹੋ ਗਏ, ਗੁਲਾਮੀ ਆਪਣੇ ਗਲਾਂ ਵਿਚ ਪਾ ਬੈਠੇ।
ਮੰਦਰ ਥੋੜੇ ਲੁੱਟ ਕੇ ਢਾਹ ਦਿੱਤੇ, ਤੁਸੀਂ ਡਰਦੇ ਜੰਗਲੀ ਜਾ ਬੈਠੇ।
ਧ੍ਰਿਗ ਜੀਵਣਾ ਥੋੜਾ ਹਰਚੰਦ ਸਿੰਘਾ, ਜੋ ਸਭੋ ਕੁਝ ਗੁਆ ਬੈਠੇ॥

(ਬਾਕੀ ਅਗਲੇ ਅੰਕ ਵਿਚ)

49 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

◆◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

◆◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ-604-781-4266 , ਈਮੇਲ - jagmandeepsingh22@gmail.com

◆◆◆◆◆◆◆◆◆◆◆◆◆◆

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

## MATRIMONIALS

### ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ। ਕੋਈ ਜਾਤੀ ਬੰਧਨ ਨਹੀ ਹੈ। ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

◆◆◆◆◆◆◆◆◆◆◆◆◆◆

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ-778-968-3685

dec25

◆◆◆◆◆◆◆◆◆◆◆◆◆◆

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

◆◆◆◆◆◆◆◆◆◆◆◆◆◆

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮਿਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01

◆◆◆◆◆◆◆◆◆◆◆◆◆◆




## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

◆◆◆◆◆◆◆◆◆◆◆◆◆◆

# ਕਿਸਾਨ ਅੰਦੋਲਨ ਦੌਰਾਨ ਸਿੱਖ ਮੁੱਦਿਆਂ ਨੂੰ ਉਭਾਰਨ ਵਾਲੇ ਦੀਪ ਸਿੱਧੂ ਨੂੰ ਲੱਖਾਂ ਲੋਕਾਂ ਨੇ ਦਿੱਤੀ ਸ਼ਰਧਾਂਜਲੀ



ਫਤਹਿਗੜ ਸਾਹਿਬ-ਨੌਜਵਾਨ ਆਗੂ ਦੀਪ ਸਿੱਧੂ ਦੇ ਅਚਾਕਨ ਇਕ ਸੜਕ ਹਾਦਸੇ ਵਿਚ ਅਕਾਲ ਚਲਾਣੇ ਉਪਰੰਤ ਉਹਨਾਂ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਦੀਵਾਨ ਟੋਡਰ ਮੱਲ ਹਾਲ ਸ੍ਰੀ ਫਤਹਿਗੜ ਸਾਹਿਬ ਵਿਖੇ ਕੀਤੀ ਗਈ। ਇਸ ਮੌਕੇ ਹੋਏ ਸ਼ਰਧਾਂਜਲੀ ਸਮਾਗਮ ਵਿਚ ਪੰਜਾਬ ਭਰ ਤੋ ਲੱਖਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਲੰਬੇ ਅਰਸੇ ਬਾਦ ਖਾਲਸਾਈ ਜਾਹੋਜਲਾਲ ਨਾਲ ਕਿਸੇ ਸਿੱਖ ਆਗੂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਲੱਖਾਂ ਦੀ ਹਾਜ਼ਰੀ ਵਿਚ ਬੁਲਾਰਿਆਂ ਨੇਂ ਸੰਤ ਭਿੰਡਰਾਵਾਲਾ ਵਲੋ ਸ਼ੁਰੂ ਕੀਤੀ ਗਈ ਸਿੱਖ ਇਨਕਲਾਬ ਦੀ ਲਹਿਰ ਵਿਚ ਆਈ ਖੜੋਤ ਨੂੰ ਤੋੜਨ ਵਿਚ ਦੀਪ ਸਿੱਧੂ ਦੀ ਭੂਮਿਕਾ ਨੂੰ ਯਾਦ ਕੀਤਾ। ਕਿਸਾਨ ਅੰਦੋਲਨ ਦੌਰਾਨ ਉਸ ਵਲੋ ਸਿੱਖ ਮੁੱਦਿਆਂ ਨੂੰ ਉਭਾਰਨ ਤੇ ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਲਹਿਰਾਏ ਜਾਣ ਨੂੰ ਵੱਡੀ ਇਤਿਹਾਸਕ ਘਟਨਾ ਕਰਾਰ ਦਿੱਤਾ। ਇਸ ਮੌਕੇ ਦੀਪ ਸਿੱਧੂ ਦੇ ਪਰਿਵਾਰ ਨੂੰ ਵਾਰਿਸ ਪੰਜਾਬ ਦਾ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸਤੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਿੰਡ ਥਰੀਕੇ ਸਥਿਤ ਦੀਪ ਸਿੱਧੂ ਦੇ ਘਰ ਪੁੱਜੇ, ਜਿੱਥੇ ਉਨ੍ਹਾਂ ਦੀਪ ਸਿੱਧੂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਹਲਕਾ ਅਮਰਗੜ੍ਹ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜੇ ਸਿਮਰਨਜੀਤ ਸਿੰਘ ਮਾਨ ਕਰੀਬ ਅੱਧਾ ਘੰਟਾ ਉੱਥੇ ਰਹੇ। ਇਸ ਦੌਰਾਨ ਉਨ੍ਹਾਂ ਚੋਣ ਪ੍ਰਚਾਰ ਦੌਰਾਨ ਦੀਪ ਸਿੱਧੂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਇਸ ਦੌਰਾਨ ਸ੍ਰੀ ਮਾਨ ਨੇ ਮੀਡੀਆ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਦੀਪ ਸਿੱਧੂ ਦੀ ਅਚਾਨਕ ਸੜਕ ਹਾਦਸੇ ਵਿੱਚ ਹੋਈ ਮੌਤ ਦਾ ਉਨ੍ਹਾਂ ਨੂੰ ਅਫ਼ਸੋਸ ਹੈ। ਇਸ ਮੌਕੇ ਦੀਪ ਸਿੱਧੂ ਦੇ ਭਰਾ ਐਡਵੋਕੇਟ ਮਨਦੀਪ ਸਿੰਘ ਸਿੱਧੂ ਅਤੇ ਹੋਰ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਇਲਾਕਾ ਨਿਵਾਸੀ ਵੀ ਹਾਜ਼ਰ ਸਨ।



NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com


ਸੇਵਾ ਮੁਕਤੀ ਤੇ ਵਿਸ਼ੇਸ਼

# ਕੇਂਦਰੀ ਸਿੱਖ ਅਜਾਇਬ ਘਰ ਦਾ ਚਿੱਤਰਕਾਰ ਗੁਰਵਿੰਦਰ ਪਾਲ ਸਿੰਘ

ਸਿੱਖ ਕੌਮ ਦੇ ਨਾਮਵਰ ਵਿਦਵਾਨ ਸ। ਸਤਬੀਰ ਸਿੰਘ ਵਲੋਂ ਪੰਥ ਰਤਨ ਮਾਸਟਰ ਤਾਰਾ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਅਜਾਇਬ ਘਰ ਅਸਥਾਪਨ ਦੀ ਤਜਵੀਜ਼ ਰੱਖੀ ਗਈ ਸੀ। ਮਾਸਟਰ ਜੀ ਵਲੋਂ ਉਚੇਚੀ ਰਕਮ ਰਾਖਵੀਂ ਰੱਖ ਕੇ ਇਸ ਨੂੰ ਘੰਟਾ ਘਰ ਵਾਲੀ ਬਾਹੀ ਤੇ ਉਸਾਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰੀ ਸਿੱਖ ਅਜਾਇਬ ਘਰ ਦੀ ਸਥਾਪਨਾ ਸੰਨ 1957 ਵਿਚ ਕਰ ਦਿੱਤੀ। ਇਸ ਦੇ ਪਹਿਲੇ ਕਿਉਰੇਟਰ ਸ। ਭਾਨ ਸਿੰਘ ਨੇ ਇਸ ਨੂੰ ਉਸਾਰਨ, ਸੰਵਾਰਨ ਤੇ ਵਧਾਉਣ ਵਿਚ ਚੋਖਾ ਯੋਗਦਾਨ ਪਾਇਆ। ਮੋਢੀ ਚਿੱਤਰਕਾਰ ਸ। ਕ੍ਰਿਪਾਲ ਸਿੰਘ ਨੇ ਸੰਨ 1959 ਤੋਂ 1961 ਤੱਕ ਬਣਾਈਆਂ ਇਤਿਹਾਸ ਪੇਂਟਿੰਗਜ਼ ਸੰਗਤਾਂ ਦੀ ਖਿੱਚ ਦਾ ਕੇਂਦਰ ਬਿੰਦੂ ਬਣੀਆਂ। ਸ। ਕ੍ਰਿਪਾਲ ਸਿੰਘ ਨੇ ਇਸ ਥੋੜ੍ਹੇ ਸਮੇਂ ਵਿਚ 23 ਸ਼ਾਹਕਾਰ ਸਿਰਜੇ ਜੋ ਉਨ੍ਹਾਂ ਦੇ ਪੂਰੇ ਜੀਵਨ ਕਾਲ ਵਿਚ ਸਿਖਰਾਂ ਛੋਂਹਦੇ ਵਿਖਾਈ ਦੇਂਦੇ ਰਹੇ।

ਸ। ਕ੍ਰਿਪਾਲ ਸਿੰਘ ਚਿੱਤਰਕਾਰ ਤੋਂ ਮਗਰੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਮਾਸਟਰ ਗੁਰਦਿੱਤ ਸਿੰਘ ਸੰਨ 1962-63 ਵਿਚ ਆਏ। ਉਨ੍ਹਾਂ ਨੇ ਵੀ ਆਪਣੀ ਸੂਝ, ਸਿਆਣਪ, ਦੂਰ ਅੰਦੇਸ਼ੀ ਤੇ ਕਲਾਤਮਿਕ ਦ੍ਰਿਸ਼ਟੀ ਨਾਲ ਵੱਡੀ ਗਿਣਤੀ ਵਿਚ ਸਿੱਖ ਗੁਰੂਆਂ ਦੇ ਬਹੁਰੰਗੇ ਸ਼ਾਹਕਾਰਾਂ ਨੂੰ ਸਿਰਜਿਆ। ਸੰਨ 1980 ਨੂੰ ਅਚਾਨਕ ਉਨ੍ਹਾਂ ਦਾ ਸਦੀਵੀ ਵਿਛੋੜਾ ਦੇਣ ਕਾਰਨ ਅਜਾਇਬ ਘਰ ਮੁੜ ਚਿੱਤਰਕਾਰ ਤੋਂ ਖ਼ਾਲੀ ਹੋ ਗਿਆ। ਸੰਨ 1981 ਵਿਚ ਦਿੱਲੀ ਤੋਂ ਸ। ਅਮੋਲਕ ਸਿੰਘ ਚਿੱਤਰਕਾਰ ਆ ਗਏ ਜਿਨ੍ਹਾਂ ਨੇ ਸੰਨ 1994 ਤੱਕ 14 ਸਾਲ ਕੇਂਦਰੀ ਸਿੱਖ ਅਜਾਇਬ ਘਰ ਦੇ ਵਾਧੇ ਵਿਚ ਆਪਣੀਆਂ ਵਡਮੁੱਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ।

ਸੰਨ 1996 ਵਿਚ ਅੰਮ੍ਰਿਤਸਰ ਦੇ ਹੀ ਉਭਰ ਰਹੇ ਚਿੱਤਰਕਾਰ ਗੁਰਵਿੰਦਰ ਪਾਲ ਸਿੰਘ ਨੇ ਅਜਾਇਬ ਘਰ ਵਿਚ ਇਕ



ਚਿੱਤਰਕਾਰ ਦੇ ਤੌਰ ਤੇ ਪ੍ਰਵੇਸ਼ ਕੀਤਾ। ਜਿਨ੍ਹਾਂ ਦਾ ਜਨਮ 15 ਜੂਨ 1964 ਨੂੰ ਮਾਤਾ ਹਰਜਿੰਦਰ ਕੌਰ ਦੀ ਕੁਖੋਂ ਤੇ ਪਿਤਾ ਸ। ਹਰਭਜਨ ਸਿੰਘ ਦੇ ਘਰ ਹੋਇਆ। ਕਲਾ ਦਾ ਮੁੱਢ ਵਿਰਾਸਤ ਚੋਂ ਮਿਲਿਆ। ਉਸ ਦੇ ਪਿਤਾ ਸ। ਹਰਭਜਨ ਸਿੰਘ ਕਿਤਾਬਾਂ ਦੇ ਟਾਈਟਲ ਤੇ ਕਿਤਾਬਾਂ ਅੰਦਰ ਲਾਈਨ ਵਰਕ ਲਿਲੁਸਟਰਏਟਿਨ ਦੇ ਕੰਮ ਵਿਚ ਮੁਹਾਰਤ ਰੱਖਦੇ ਸਨ। 'ਸੰਤ ਸਿਪਾਹੀ ਰਸਾਲੇ ਦੇ ਟਾਈਟਲ ਉਨ੍ਹਾਂ ਵਲੋਂ ਤਿਆਰ ਕੀਤੇ ਜਾਂਦੇ ਸਨ। ਭਾਈ ਚਤਰ ਸਿੰਘ ਜੀਵਨ ਸਿੰਘ ਤੋਂ ਇਲਾਵਾ ਭਾਈ ਜਗਤਾਰ ਸਿੰਘ ਕ੍ਰਿਪਾਲ ਸਿੰਘ ਕਿਤਾਬਾਂ ਵਾਲੇ ਆਪਣੀਆਂ ਛੱਪ ਰਹੀਆਂ ਕਿਤਾਬਾਂ ਦੇ ਕਲਾਤਮਿਕ ਕਾਰਜ ਆਪ ਦੇ ਪਿਤਾ ਤੋਂ ਹੀ ਕਰਵਾਉਂਦੇ। ਬਾਲ ਗੁਰਵਿੰਦਰ ਪਾਲ ਸਿੰਘ ਦੇ ਮਨ ਵਿਚ ਵੀ ਇਸ ਨੂੰ ਕਾਪੀ ਕਰਨ ਦੀ ਤਾਂਘ ਪੈਦਾ ਹੋਈ। ਸੰਨ 1979 ਵਿਚ ਅੰਮ੍ਰਿਤਸਰ ਦੇ ਗਿਆਨ ਆਸ਼ਰਮ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ। ਪੇਂਟਿੰਗ ਦਾ ਕਾਰਜ ਉਨ੍ਹਾਂ ਅਨੁਸਾਰ ਪਰਮਾਤਮਾ ਦੀ ਹੀ ਦੇਣ ਹੈ। ਉਹ ਪ੍ਰਾਕ੍ਰਿਤੀ ਦਾ ਬਖ਼ਸ਼ਿਆ ਚਿੱਤਰਕਾਰ ਹੈ। ਜਿਸ ਨੂੰ ਸ। ਸੋਭਾ ਸਿੰਘ ਚਿੱਤਰਕਾਰ, ਸ। ਕਿਰਪਾਲ ਸਿੰਘ ਤੇ ਸ। ਮੇਹਰ ਸਿੰਘ ਚਿੱਤਰਕਾਰ ਦੀ ਕਲਾ ਨੇ ਬੇਹੱਦ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਮਾਰਗ ਦਰਸ਼ਕ ਦਾ ਕੰਮ ਕੀਤਾ। ਆਪ ਨੇ ਜਿੰਨੇ ਵੀ ਸ਼ਾਹਕਾਰਾਂ ਨੂੰ ਸਿਰਜਿਆ, ਉਹ ਬੋਲਦੇ ਵਿਖਾਈ ਦਿੰਦੇ ਹਨ। ਕਿਸੇ ਮੂਰਤ ਵਿਚ ਜਾਨ ਪਾ ਦੇਣੀ ਇਹ ਚਿੱਤਰਕਾਰ ਗੁਰਵਿੰਦਰ ਪਾਲ ਸਿੰਘ ਦਾ ਹੀ ਕੰਮ ਹੈ। ਉਸ ਨੇ ਸਿੱਖ ਗੁਰੂਆਂ, ਸ਼ਹੀਦਾਂ, ਜੰਗਾਂ, ਸੂਰਬੀਰ ਯੋਧਿਆਂ, ਭਗਤਾਂ ਤੇ ਉੱਘੀਆਂ ਸ਼ਖ਼ਸੀਅਤਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਚਿਤਰਿਆ ਹੈ।

ਉਸ ਦੀਆਂ ਪੇਂਟਿੰਗਜ਼ ਵਿਚ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਤੇ ਜਾਣ ਸਮੇਂ ਦਾ ਦ੍ਰਿਸ਼, ਗੁਰੂ ਅੰਗਦ ਦੇਵ ਜੀ ਦਾ ਬਾਦਸ਼ਾਹ ਹਮਾਊਂ ਦੀ ਤਸਵੀਰ, ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ, ਉੱਚ ਦਾ ਪੀਰ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਜੀ ਰਾਏ ਕੱਲਾ ਨੂੰ ਗੰਗਾ ਸਾਗਰ ਨਿਸ਼ਾਨੀ ਵਜੋਂ ਦੇਂਦੇ ਹੋਏ। ਗੁਰੂ ਗੋਬਿੰਦ ਸਿੰਘ ਜੀ ਦਾ ਬੰਦਾ ਬਹਾਦਰ ਨਾਲ ਮਿਲਾਪ ਪੇਂਟਿੰਗਜ਼ ਵਿਚ ਖ਼ੂਬਸੂਰਤੀ ਨਾਲ ਚਿੱਤਰਕਾਰ ਨੇ ਆਪਣੇ ਬੁਰਸ਼ਾਂ ਦੀਆਂ ਛੋਹਾਂ ਨਾਲ ਸਿਰਜਿਆ ਹੈ ਉਹ ਸਿਖਰਾਂ ਛੋਂਹਦਾ ਹੈ।

ਸਿੱਖ ਜੰਗਾਂ ਨੂੰ ਵੀ ਚਿੱਤਰਕਾਰ ਨੇ ਆਪਣੀ ਕੈਨਵਸ ਤੇ ਸਾਕਾਰ ਕੀਤਾ ਹੈ। ਮਾਈ ਭਾਗੋ ਦੀ ਮੁਕਤਸਰ ਦੀ ਜੰਗ, ਜਥੇਦਾਰ ਨੱਥਾ ਸਿੰਘ ਅਬਦਾਲੀ ਦੀਆਂ ਫ਼ੌਜਾਂ ਨਾਲ ਲੜਦੇ ਹੋਏ। ਦਰਬਾਰ ਸਾਹਿਬ ਤੇ ਅਬਦਾਲੀ ਦਾ ਤੋਪਾਂ ਨਾਲ ਹਮਲਾ ਪੇਂਟਿੰਗਜ਼ ਵੀ ਆਪਣੀ ਵਿਸ਼ੇਸ਼ ਥਾਂ ਰੱਖਦੀਆਂ ਹਨ। ਭਗਤਾਂ ਦੀ ਸੀਰੀਜ਼ ਵਿਚ ਭਗਤ ਨਾਮਦੇਵ, ਭਗਤ ਸਧਨਾ ਜੀ, ਭਗਤ ਪੀਪਾ ਜੀ, ਭਗਤ ਭੀਖਣ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਸੈਣ ਜੀ ਤੇ ਭਗਤ ਸੂਰਦਾਸ ਜੀ ਦੇ ਬਣਾਏ ਪੋਰਟਰੇਟ ਵਿਚ ਚਿੱਤਰਕਾਰ ਦੀ ਬੇਹਤਰੀਨ ਕਲਾ ਤੇ ਡੂੰਘੀ ਸ਼ਰਧਾ ਆਪ ਮੁਹਾਰੇ ਪ੍ਰਗਟ ਹੁੰਦੀ ਹੈ।

ਇਸ ਤਰ੍ਹਾਂ ਸ਼ਖ਼ਸੀਅਤਾਂ ਵਿਚ ਵਿਸ਼ੇਸ਼ ਤੌਰ ਤੇ ਪੰਜਾਬ ਦੇ ਨਾਮਵਰ ਚਿੱਤਰਕਾਰ ਨੂੰ ਉਨ੍ਹਾਂ ਦੇ ਬਹੁਤ ਹੀ ਸੁੰਦਰ ਪੋਰਟਰੇਟ ਸਾਕਾਰ ਕੀਤੇ ਹਨ ਜਿਨ੍ਹਾਂ ਵਿਚ ਚਿੱਤਰਕਾਰ ਹਰੀ ਸਿੰਘ, ਐਸ ਜੀ। ਠਾਕਰ ਸਿੰਘ, ਮਾਸਟਰ ਗੁਰਦਿੱਤ ਸਿੰਘ, ਜੀ ਐਸ। ਸੋਹਨ ਸਿੰਘ ਤੇ ਅਮੋਲਕ ਸਿੰਘ ਦੇ ਪੋਰਟਰੇਟ ਕੇਂਦਰੀ ਸਿੱਖ ਅਜਾਇਬ ਘਰ ਵਿਚ ਆਪਣੀ ਅਮਿੱਟ ਛਾਪ ਛੱਡਦੇ ਹਨ। ਚਿੱਤਰਕਾਰ ਨੇ ਵੱਖਰੇ ਤੌਰ ਤੇ ਭੂ-ਦ੍ਰਿਸ਼ (ਲੈਂਡਸਕੇਪ) ਘੱਟ ਹੀ ਚਿੱਤਰੇ ਹਨ ਪਰ ਇਤਿਹਾਸਕ ਤਸਵੀਰਾਂ, ਪੇਂਟਿੰਗਜ਼ ਵਿਚ ਪਿੱਠ ਭੂਮੀ ਵਿਚ ਬੜੇ ਕਲਾਤਮਿਕ ਢੰਗ ਨਾਲ ਭੂ-ਦ੍ਰਿਸ਼ ਦਾ ਲੋੜ ਅਨੁਸਾਰ ਟੱਚ ਕੀਤਾ ਹੈ।

ਆਪ ਨੂੰ ਕਲਾ ਦੇ ਖੇਤਰ ਵਿਚ ਕਈ ਸੰਸਥਾਵਾਂ ਨੇ ਮਾਨ-ਸਨਮਾਨ ਨਾਲ ਨਿਵਾਜਿਆ ਹੈ। ਇਨ੍ਹਾਂ ਵਿਚ ਸ। ਸੋਭਾ ਸਿੰਘ ਚਿੱਤਰਕਾਰ ਸੁਸਾਇਟੀ ਬਠਿੰਡਾ, ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਮਿਸ਼ਨਰੀ ਐਜੂਕੇਸ਼ਨ ਸੁਸਾਇਟੀ ਅੰਮ੍ਰਿਤਸਰ ਸ਼ਾਮਲ ਹਨ। ਆਪ ਦਾ ਇਕੋ ਇਕ ਸਪੁੱਤਰ ਬਰਿੰਦਰ ਸਿੰਘ ਚੰਡੀਗੜ੍ਹ ਵਿਚ ਸਾਫ਼ਟਵੇਅਰ ਇੰਜੀਨੀਅਰ ਹੈ ਤੇ ਆਪ ਦੀ ਧਰਮ ਪਤਨੀ ਬੀਬੀ ਰੁਪਿੰਦਰ ਕੌਰ ਜੋ ਇਕ ਘਰੇਗੀ ਔਰਤ ਦੇ ਨਾਲ-ਨਾਲ ਚਿੱਤਰਕਾਰ ਗੁਰਵਿੰਦਰ ਪਾਲ ਸਿੰਘ ਦੀ ਹੁਣ ਤੱਕ ਕੀ ਸਫ਼ਲਤਾ ਤੇ ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਵਲੋਂ ਦਿੱਤਾ ਉਤਸ਼ਾਹ ਹੀ ਉਸ ਦੀ ਸਫ਼ਲਤਾ ਦਾ ਰਾਜ਼ ਹੈ। ਕੇਂਦਰੀ ਸਿੱਖ ਅਜਾਇਬ ਘਰ ਵਿਚ ਹੁਣ ਤੱਕ ਜਿੰਨੇ ਵੀ ਚਿੱਤਰਕਾਰਾਂ ਨੇ ਕੰਮ ਕੀਤਾ ਹੈ। ਉਨ੍ਹਾਂ ਵਿੱਚੋਂ ਸਭ ਤੋਂ ਵੱਧ 26 ਸਾਲ ਯਾਦਗਾਰੀ ਗੁਰਵਿੰਦਰ ਪਾਲ ਸਿੰਘ ਦੇ ਲੇਖੇ ਲੱਗੇ ਹਨ। ਚਿੱਤਰਕਾਰ ਆਪਣੀ ਕਲਾ ਰਾਹੀਂ ਅਮਿੱਟ ਛਾਪ ਛੱਡਦੇ ਹੋਏ ਕੇਂਦਰੀ ਸਿੱਖ ਅਜਾਇਬ ਘਰ ਤੋਂ 28 ਫਰਵਰੀ ਨੂੰ ਸੇਵਾ-ਮੁਕਤ ਹੋ ਰਿਹਾ ਹੈ। ਆਸ ਹੈ ਉਸ ਦੇ ਬਣਾਏ ਸ਼ਾਹਕਾਰ ਸਿੱਖ ਕੌਮ ਵਿਚ ਸਦਾ ਪ੍ਰੇਰਨਾ ਸਰੋਤ ਬਣਨਗੇ।

**ਜੈਤੇਗ ਸਿੰਘ ਅਨੰਤ**
+1 778 385-8145 (ਕੈਨੇਡਾ)

**AMA CONCRETE**
**Commercial & Residential**
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

**J & S Insulation & Rebar Ltd.**

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
**Quality Work, Free Estimates**
**Best Price**
**Sarbjit: 604.841.9849**

**SKY BLUE DRYWALL LTD.**
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

**Daljit Singh**
**778-549-3605**
E: singh.mand@icloud.com

# ਮਾਤਾ ਮਹਿੰਦਰ ਕੌਰ ਮਾਮਲੇ ਵਿਚ ਕੰਗਨਾ ਰਨੌਤ ਨੂੰ ਸੰਮਨ ਜਾਰੀ



ਬਠਿੰਡਾ-ਇੱਥੋਂ ਦੀ ਇੱਕ ਅਦਾਲਤ ਨੇ ਅਦਾਕਾਰਾ ਕੰਗਣਾ ਰਣੌਤ ਨੂੰ ਮਾਣਹਾਨੀ ਕੇਸ 'ਚ ਸੰਮਨ ਜਾਰੀ ਕੀਤੇ ਹਨ। ਉਸ ਨੂੰ 19 ਅਪਰੈਲ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਪਿੰਡ ਬਹਾਦਰਗੜ੍ਹ ਦੀ ਮਾਤਾ ਮਹਿੰਦਰ ਕੌਰ ਵੱਲੋਂ ਇਹ ਕੇਸ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੀਆਂ ਹੱਦਾਂ 'ਤੇ ਚੱਲੇ ਕਿਸਾਨ ਅੰਦੋਲਨ ਮੌਕੇ ਅਦਾਕਾਰਾ ਕੰਗਣਾ ਰਣੌਤ ਨੇ ਮਹਿੰਦਰ ਕੌਰ ਦੀ ਤਸਵੀਰ ਟਵੀਟ ਕਰ ਕੇ ਲਿਖਿਆ ਸੀ, "ਇਹ ਲੋਕ 100-100 ਰੁਪਏ ਦਿਹਾੜੀ 'ਤੇ ਆਏ ਹਨ।" ਇਸ ਇਤਰਾਜ਼ਯੋਗ ਟਿੱਪਣੀ ਕਰਕੇ ਉਸ ਵੇਲੇ ਵੀ ਕੰਗਣਾ ਨੂੰ ਕਿਸਾਨਾਂ ਅਤੇ ਹੋਰ ਵਰਗਾਂ ਦੇ ਰੋਸ ਦਾ ਸਾਹਮਣਾ ਕਰਨਾ ਪਿਆ ਸੀ।

# ਪ੍ਰਸਿੱਧ ਗਾਇਕ ਅਮਰਜੀਤ ਗੁਰਦਾਸਪੁਰੀ ਦਾ ਸਦੀਵੀ ਵਿਛੋੜਾ



ਫਤਿਹਗੜ੍ਹ ਚੂੜੀਆਂ-ਇਪਟਾ ਲਹਿਰ ਦੇ ਬਾਨੀ ਲੋਕ ਪੱਖੀ ਗਾਇਕ ਅਮਰਜੀਤ ਗੁਰਦਾਸਪੁਰੀ ਅੱਜ ਆਪਣੇ ਜੱਦੀ ਪਿੰਡ ਉਦੋਵਾਲੀ ਵਿੱਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਪਿੰਡ ਉਦੋਵਾਲੀ ਨੇੜੇ ਧਿਆਨਪੁਰ ਵਿੱਚ 25 ਫ਼ਰਵਰੀ ਨੂੰ ਅੰਤਿਮ ਸੰਸਕਾਰ ਹੋਵੇਗਾ। ਅਮਰਜੀਤ ਗੁਰਦਾਸਪੁਰੀ ਆਪਣੇ ਪੁੱਤਰ ਪਰਮਸੁਨੀਲ ਸਿੰਘ ਦੀ ਮੌਤ ਕਾਰਨ ਸਦਮੇ ਵਿੱਚ ਸਨ ਤੇ ਬੀਤੇ ਕੁਝ ਸਮੇਂ ਤੋਂ ਬੀਮਾਰ ਸਨ।

# ਡੇਰਾ ਸੱਚਾ ਸੌਦਾ ਮੁਖੀ ਨੂੰ ਹਰਿਆਣਾ ਸਰਕਾਰ ਨੇ ਦਿੱਤੀ ਜੈਡ ਸੁਰੱਖਿਆ



ਚੰਡੀਗੜ੍ਹ-ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਦੋ ਵੱਖ-ਵੱਖ ਮਾਮਲਿਆਂ ਵਿੱਚ ਦੋਸ਼ੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ 'ਭਾਰੀ ਸੁਰੱਖਿਆ' ਨਾਲ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਸੀ। ਰਾਮ ਰਹੀਮ ਨੂੰ ਤਿੰਨ ਹਫ਼ਤਿਆਂ ਦੀ ਛੁੱਟੀ ਮਿਲੀ ਸੀ ਤੇ ਉਹ 7 ਫਰਵਰੀ ਨੂੰ ਸੁਨਾਰੀਅਨ ਜੇਲ੍ਹ ਤੋਂ ਬਾਹਰ ਆਇਆ ਸੀ ਅਤੇ ਇੱਥੋਂ ਸਿੱਧਾ ਗੁਰੂਗ੍ਰਾਮ ਪਹੁੰਚਿਆ। ਖਾਸ ਗੱਲ ਇਹ ਹੈ ਕਿ ਉਸ ਦੀ ਫਰਲੋ ਦੀ ਮਨਜ਼ੂਰੀ ਦੇ ਨਾਲ-ਨਾਲ ਹਰਿਆਣਾ ਸਰਕਾਰ ਨੇ ਉਸ ਦੀ ਜ਼ੈੱਡ ਪਲੱਸ ਸੁਰੱਖਿਆ ਨੂੰ ਵੀ ਮਨਜ਼ੂਰੀ ਦਿੱਤੀ ਸੀ।

# ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦਿੱਤੇ ਜਾਣ ਵਿਰੁੱਧ ਕਿਸਾਨਾਂ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਐਲਾਨ

ਮਾਨਸਾ-ਸੰਯੁਕਤ ਕਿਸਾਨ ਮੋਰਚੇ ਵੱਲੋਂ ਲਖੀਮਪੁਰ ਖੀਰੀ ਘਟਨਾ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਟੈਨੀ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੋਰਚੇ ਦੇ ਆਗੂਆਂ ਦਾ ਕਹਿਣਾ ਹੈ ਕਿ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਵੱਲੋਂ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰਨ ਲਈ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਮੀਤ ਪ੍ਰਧਾਨ ਨਿਰਮਲ ਸਿੰਘ ਝੰਡੂਕੇ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਇੱਕ ਸਾਜ਼ਿਸ਼ ਤਹਿਤ ਹੋਈ ਸੀ ਤੇ ਇਸ ਕਤਲ ਕੇਸ ਵਿੱਚ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣਾ ਬਿਲਕੁਲ ਗਲਤ ਹੈ ਅਤੇ ਹੁਣ ਸੁਪਰੀਮ ਕੋਰਟ ਨੂੰ ਹਾਈ ਕੋਰਟ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਸੂਰਵਾਰ ਦਾ ਪਿਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਕਰਕੇ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਇਸ ਕਤਲ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਭਜਨ ਸਿੰਘ ਘੁੰਮਣ, ਹਰਚਰਨ ਸਿੰਘ ਤਾਮਕੋਟ, ਅਵਤਾਰ ਸਿੰਘ, ਬਲਜੀਤ ਸਿੰਘ ਤੇ ਸੁਖਦੇਵ ਕੋਟਲੀ ਨੇ ਵੀ ਸੰਬੋਧਨ ਕੀਤਾ।

# ਆਮ ਆਦਮੀ ਪਾਰਟੀ ਵੱਲੋਂ ਸਟਰਾਂਗ ਰੂਮਾਂ ਦੇ ਬਾਹਰ ਪਹਿਰਾ

ਲੁਧਿਆਣਾ-ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਈਵੀਐੱਮ ਮਸ਼ੀਨਾਂ ਦੀ ਸੁਰੱਖਿਆ ਚੋਣ ਕਮਿਸ਼ਨ ਦੇ ਪ੍ਰਬੰਧਾਂ 'ਤੇ ਭਰੋਸਾ ਨਹੀਂ ਹੈ। ਇਸੇ ਕਰਕੇ ਲੁਧਿਆਣਾ ਵਿੱਚ ਤਿੰਨ ਪੜਾਅ ਦੀ ਸੁਰੱਖਿਆ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਸਟਰਾਂਗ ਰੂਮਾਂ ਦੇ ਬਾਹਰ ਆਪਣੇ ਪਹਿਰੇ ਲਾਉਣੇ ਸ਼ੁਰੂ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਹਲਕਾ ਪੱਛਮੀ ਅਤੇ ਰ਼ਗੱਲ ਤੋਂ ਉਮੀਦਵਾਰਾਂ ਨੇ, ਜਿਥੇ ਈਵੀਐੱਮ ਮਸ਼ੀਨਾਂ ਪਈਆਂ ਹਨ, ਉਸ ਦੇ ਬਾਹਰ ਪੱਕੇ ਤੌਰ 'ਤੇ ਡੇਰੇ ਲਾ ਲਏ ਹਨ। ਟੈਂਟ ਲਾ ਕੇ 24 ਘੰਟੇ ਨਜ਼ਰ ਰੱਖਣ ਲਈ ਸਮਰਥਕਾਂ ਦੀ ਡਿਊਟੀ ਲਾਈ ਗਈ ਹੈ। ਇਨ੍ਹਾਂ ਟੈਂਟਾਂ ਦੇ ਬਾਹਰ ਸੀਸੀਟੀਵੀ ਕੈਮਰੇ ਵੀ ਲਾਏ ਗਏ ਹਨ। ਜ਼ਿਲ੍ਹੇ ਵਿੱਚ 14 ਥਾਵਾਂ 'ਤੇ ਈਵੀਐੱਮ ਮਸ਼ੀਨਾਂ ਰੱਖੀਆਂ ਹੋਈਆਂ ਹਨ, ਇਨ੍ਹਾਂ ਦੀ ਸੁਰੱਖਿਆ ਕੇਂਦਰੀ ਸੁਰੱਖਿਆ ਬਲਾਂ ਦੇ ਹਵਾਲੇ ਹੈ। ਹਰ ਕੰਪਲੈਕਸ ਦੇ ਮੁੱਖ ਗੇਟ 'ਤੇ ਪੰਜਾਬ ਪੁਲੀਸ ਦੀਆਂ ਟੀਮਾਂ ਤਾਇਨਾਤ ਹਨ। ਇਸ ਦੇ ਬਾਵਜੂਦ ਹਲਕਾ ਲੁਧਿਆਣਾ ਪੱਛਮੀ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਗੋਗੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਸਟਰਾਂਗ ਰੂਮ ਬਾਹਰ ਟੈਂਟ ਲਾਇਆ ਹੈ। ਹਲਕਾ ਗਿੱਲ ਵਿੱਚ ਵੀ 'ਆਪ' ਦੇ ਉਮੀਦਵਾਰ ਜੀਵਨ ਸਿੰਘ ਸੰਗੋਵਾਲ ਨੇ ਸਰਕਾਰੀ ਪੌਲੀਟੈਕਨਿਕ ਕਾਲਜ ਰਿਸ਼ੀ ਨਗਰ 'ਚ ਬਣੇ ਸਟਰਾਂਗ ਰੂਮ ਦੇ ਬਾਹਰ ਪੱਕਾ ਟੈਂਟ ਲਾ ਦਿੱਤਾ ਹੈ। ਇੱਥੇ ਚਾਰ ਸ਼ਿਫ਼ਟਾਂ 'ਚ ਸਮਰਥਕ ਡਿਊਟੀ ਦੇ ਰਹੇ ਹਨ। ਪਿਛਲੀ ਵਾਰ ਵੀ 'ਆਪ' ਉਮੀਦਵਾਰਾਂ ਨੇ ਈਵੀਐੱਮ ਮਸ਼ੀਨਾਂ ਦੇ ਕੰਪਲੈਕਸਾਂ ਬਾਹਰ ਪਹਿਰੇ ਦਿੱਤੇ ਸਨ।


HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com





KULDIP S PANESAR
Senior Mortgage Advisor
Cell: 604-308-6839






ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids

BRITISH COLUMBIA

# ਚੋਣ ਨਤੀਜਿਆਂ ਉਪਰੰਤ ਅਕਾਲੀ ਦਲ ਤੇ ਭਾਜਪਾ ਵਿਚਾਲੇ ਗਠਜੋੜ ਦੇ ਆਸਾਰ

ਚੰਡੀਗੜ (ਦਵਿੰਦਰਪਾਲ)-ਪੰਜਾਬ ਦੀ ਰਾਜਨੀਤੀ ਵਿੱਚ ਢਾਈ ਦਹਾਕਿਆਂ ਤੱਕ ਗੱਠਜੋੜ ਤਹਿਤ ਚੋਣ ਰਾਜਨੀਤੀ ਵਿੱਚ ਦਬਦਬਾ ਬਣਾਈ ਰੱਖਣ ਵਾਲੀਆਂ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਇੱਕ ਵਾਰ ਮੁੜ ਇੱਕ ਦੂਜੇ ਦੇ ਨਜ਼ਦੀਕ ਆਉਣ ਦੇ ਆਸਾਰ ਬਣ ਗਏ ਹਨ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਡੇਰਾ ਸਿਰਸਾ ਅਤੇ ਡੇਰਾ ਬਿਆਸ ਵੱਲੋਂ ਕੀਤੀ ਹਮਾਇਤ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ ਉਸ ਤੋਂ ਇਹੀ ਕਿਆਫ਼ੇ ਲਾਏ ਜਾ ਰਹੇ ਹਨ ਕਿ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਲਟਕਵੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਮੁੜ ਗੱਠਜੋੜ ਕਰਨ ਲਈ ਤਿਆਰ ਹੋ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਅਕਾਲੀ ਦਲ ਦੇ ਆਗੂਆਂ ਨੇ ਵੀ ਇਹ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਨਤੀਜਿਆਂ ਦੇ ਸਾਹਮਣੇ ਆਉਣ ਤੋਂ ਬਾਅਦ ਜੇਕਰ ਗੱਠਜੋੜ ਦੀ ਜ਼ਰੂਰਤ ਪੈਂਦੀ ਹੈ ਤਾਂ ਦੋਵੇਂ ਪਾਰਟੀਆਂ ਇਸ ਦੇ ਲਈ ਸਰਗਰਮੀ ਨਾਲ ਕੰਮ ਕਰਨਗੀਆਂ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਜ਼ਿਆਦਾਤਰ ਵਿਧਾਨ ਸਭਾ ਹਲਕਿਆਂ ਅੰਦਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੇ ਗੱਠਜੋੜ ਦੇ ਉਮੀਦਵਾਰਾਂ ਦਰਮਿਆਨ ਟੱਕਰ ਦੀਆਂ

MORTGAGE

If you are paying more than

1.30%*

(5 Years VIRM 30 Years Ammortization)

Call us NOW to Lower your Rate!

RAJ GILL HAS "NO STRESS MORTGAGE"

Superior Mortgage

Unit 244-8138-128 Street, Surrey

604 507 1000

Our Symbol of Care & Service





ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਸਾਰੀਆਂ ਪਾਰਟੀਆਂ ਵੱਲੋਂ ਭਾਵੇਂ ਸਪੱਸ਼ਟ ਬਹੁਮਤ ਮਿਲਣ ਦੀ ਆਸ ਪ੍ਰਗਟਾਈ ਜਾ ਰਹੀ ਹੈ ਪਰ ਇਹ ਸਿਆਸੀ ਧਿਰਾਂ ਗੱਠਜੋੜ ਲਈ ਵੀ ਸੋਚਣ ਲਈ ਮਜਬੂਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਲਟਵਕੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਕਾਂਗਰਸ ਜਾਂ ਆਮ ਆਦਮੀ ਪਾਰਟੀ ਨਾਲ ਤਾਂ ਗੱਠਜੋੜ ਸੰਭਵ ਨਹੀਂ ਹੈ। ਇਸ ਕਾਰਨ ਗੱਠਜੋੜ ਲਈ ਭਾਜਪਾ ਨਾਲ ਹੀ ਰਾਹ ਤਲਾਸ਼ਿਆ ਜਾ ਸਕਦਾ ਹੈ। ਇਸੇ ਤਰ੍ਹਾਂ ਦੀ ਦਲੀਲ ਭਾਜਪਾ ਆਗੂਆਂ ਵੱਲੋਂ ਵੀ ਦਿੱਤੀ ਜਾ ਰਹੀ ਹੈ। ਇੱਥੇ ਮਹੱਤਵਪੂਰਨ ਤੱਥ ਇਹ ਵੀ ਹੈ ਕਿ ਦੋਵਾਂ ਪਾਰਟੀਆਂ ਦੇ ਆਗੂਆਂ ਨੇ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਇੱਕ-ਦੂਜੇ ਦੇ ਖਿਲਾਫ਼ ਚੁੱਭਵੀਂ ਬਿਆਨਬਾਜ਼ੀ ਤੋਂ ਗੁਰੇਜ਼ ਹੀ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ 2022 ਦੀਆਂ ਚੋਣਾਂ ਵਿੱਚ ਪਹਿਲੀ ਵਾਰੀ ਪਾਰਟੀ ਵੱਲੋਂ 70 ਤੋਂ ਵੱਧ ਵਿਧਾਨ ਸਭਾ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਇਸ ਤੋਂ ਪਹਿਲਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਛੋਟੇ ਭਾਈਵਾਲ ਵਜੋਂ ਹੀ ਵਿਚਰਦੀ ਹੀ ਹੈ। ਇਸ ਲਈ ਜੇਕਰ ਲਟਕਵੀਂ ਵਿਧਾਨ ਸਭਾ ਆਉਣ ਦੀ ਸੂਰਤ ਵਿੱਚ ਗੱਠਜੋੜ ਹੁੰਦਾ ਵੀ ਹੈ ਤਾਂ ਭਾਜਪਾ ਪਹਿਲਾਂ ਨਾਲੋਂ ਜ਼ਿਆਦਾ ਤਾਕਤਵਰ ਹੋਵੇਗੀ। ਭਾਜਪਾ ਆਗੂਆਂ ਦਾ ਦਾਅਵਾ ਹੈ ਕਿ ਜ਼ਿਆਦਾ ਉਮੀਦਵਾਰ ਖੜ੍ਹੇ ਕਰਨ ਕਰਕੇ ਪਾਰਟੀ ਦਾ ਵੋਟ ਪ੍ਰਤੀਸ਼ਤ ਵਧਣਾ ਸੁਭਾਵਿਕ ਹੈ ਤੇ ਪਾਰਟੀ ਸੀਟਾਂ ਜਿੰਨੀਆਂ ਮਰਜ਼ੀ ਜਿੱਤੇ ਪਰ ਵੋਟ ਪ੍ਰਤੀਸ਼ਤ ਤਸੱਲੀਬਖਸ਼ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਨੂੰ ਪਾਰਟੀ ਨੇ ਇੱਕ ਅਜ਼ਮਾਇਸ਼ ਵਜੋਂ ਲਿਆ ਹੈ ਤੇ ਭਵਿੱਖ ਵਿੱਚ ਜ਼ਿਆਦਾ ਤਿਆਰੀ ਨਾਲ ਮੈਦਾਨ ਵਿੱਚ ਉਤਰਿਆ ਜਾਵੇਗਾ। ਭਗਵਾਂ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸਾਨ ਅੰਦੋਲਨ ਕਾਰਨ ਵੀ ਭਾਜਪਾ ਪੰਜਾਬ ਦੇ ਚੋਣ ਮੈਦਾਨ ਦੀ ਰਣਨੀਤੀ ਬਣਾਉਣ ਵਿੱਚ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਪੱਛੜ ਗਈ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ 1996 ਵਿੱਚ ਭਾਰਤੀ ਜਨਤਾ ਪਾਰਟੀ ਨਾਲ ਬਿਨਾਂ ਸ਼ਰਤ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਦੀ ਹਮਾਇਤ ਦਾ ਐਲਾਨ ਕਰਦਿਆਂ ਐਨ.ਡੀ.ਏ 'ਚ ਸ਼ਮੂਲੀਅਤ ਕਰ ਲਈ ਗਈ ਸੀ। ਉਸ ਤੋਂ ਬਾਅਦ ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਵੱਲੋਂ ਸਾਲ 1997, ਸਾਲ 2007 ਅਤੇ 2012 ਵਿੱਚ ਸਰਕਾਰਾਂ ਬਣਾਈਆਂ ਗਈਆਂ। ਸਾਲ 2020 ਵਿੱਚ ਕੇਂਦਰੀ ਹਕੂਮਤ ਵੱਲੋਂ ਤਿੰਨ ਖੇਤੀ ਕਾਨੂੰਨ ਲਿਆਂਦੇ ਜਾਣ ਤੋਂ ਬਾਅਦ ਜਿਵੇਂ ਹੀ ਸੂਬੇ ਵਿੱਚ ਕਿਸਾਨੀ ਅੰਦੋਲਨ ਨੇ ਸਿਰ ਚੁੱਕਣਾ ਸ਼ੁਰੂ ਕੀਤਾ ਤਾਂ ਅਕਾਲੀ ਦਲ ਨੇ ਐਨ.ਡੀ.ਏ. 'ਚੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਸੀ ਤੇ ਕੇਂਦਰੀ ਮੰਤਰੀ ਵਜੋਂ ਹਰਸਿਮਰਤ ਕੌਰ ਬਾਦਲ ਨੇ ਵੀ ਸਤੰਬਰ 2020 ਵਿੱਚ ਅਸਤੀਫਾ ਦੇ ਦਿੱਤਾ ਸੀ। ਭਵਿੱਖ ਲਈ ਬਦਲ ਖੁੱਲ੍ਹੇ ਰੱਖਣ ਲਈ ਅਕਾਲੀ ਦਲ ਦੇ ਐਨ.ਡੀ.ਏ. ਤੋਂ ਬਾਹਰ ਆਉਣ ਤੋਂ ਬਾਅਦ ਵੀ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਇੱਕ ਦੂਜੇ ਖਿਲਾਫ਼ ਸੰਜਮ ਭਰੀ ਭਾਸ਼ਾ ਵਾਲੀ ਬਿਆਨਬਾਜ਼ੀ ਹੀ ਕੀਤੀ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਨਵੀਂ ਦਿੱਲੀ ਵਿੱਚ ਕਈ ਸਿਆਸੀ ਆਗੂਆਂ ਵੱਲੋਂ ਦੋਵਾਂ ਪਾਰਟੀਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਨੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਨਾਲ ਗੱਠਜੋੜ ਕੀਤਾ ਸੀ।

Manulife Reduced 13% Term Rates For Limited Time

www.KaliaFinancial.com

Kalia Insurance and Financial Services

Sudesh K. Kalia 604.728.6740 KFinancial@shaw.ca

Individual & Business Life Disability, Critical & Long Care Term Insurance, Supervisa Medical Insurance



Sudesh Kalia 604-728-6740

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold
key
INSURANCE

Number 1 in the
Community for 25 Years.

Explore
Your
Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

OPEN 7 DAYS

www.goldkeyinsurance.ca